ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 27 ਅਗਸਤ 2025 (ਨਾਨਕਸ਼ਾਹੀ ਸੰਮਤ : ੫੫੭, ੧੨ ਭਾਦੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਦੋਰਾਹਾ 'ਚ ਅਜਨੌਦ ਪੁਲ ਨੇੜੇ ਮੀਂਹ ਕਾਰਨ ਵਾਪਰਿਆ ਹਾਦਸਾ, ਨਹਿਰ 'ਚ ਡਿੱਗੀ ਕਾਰ , ਡਰਾਈਵਰ ਦੀ ਮੌਤ

**ਲੁਧਿਆਣਾ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਵਿੱਚ ਅੱਜ ਯਾਨੀ ਮੰਗਲਵਾਰ ਨੂੰ ਇੱਕ ਸਵਿਫਟ



ਕਾਰ ਨਹਿਰ ਵਿੱਚ ਡਿੱਗ ਗਈ, ਜਿਸ ਕਾਰਨ ਕਾਰ ਵਿੱਚ ਸਵਾਰ ਨੌਜਵਾਨ ਦੀ ਮੌਤ ਹੋ ਗਈ ਹੈ। ਇਹ ਹਾਦਸਾ ਖੰਨਾ ਦੇ ਦੋਰਾਹਾ ਵਿੱਚ ਅਜਨੌਦ ਪੁਲ ਨੇੜੇ ਵਾਪਰਿਆ ਹੈ। ਮ੍ਰਿਤਕ ਦੀ ਪਛਾਣ ਕਾਰ ਚਾਲਕ ਪਰਮਜੀਤ ਸਿੰਘ (32) ਵਜੋਂ ਹੋਈ ਹੈ। ਪਰਮਜੀਤ ਸਮਰਾਲਾ ਦੇ ਪਿੰਡ ਘੁਲਾਲ ਦਾ ਰਹਿਣ ਵਾਲਾ ਸੀ। ਪਰਮਜੀਤ ਅੱਜ ਸਵੇਰੇ ਲੁਧਿਆਣਾ ਤੋਂ ਸਮਰਾਲਾ ਜਾ ਰਿਹਾ ਸੀ। ਭਾਰੀ ਮੀਂਹ ਕਾਰਨ ਸੜਕ 'ਤੇ ਫਿਸਲਣ ਸੀ। ਇਸ ਦੌਰਾਨ ਅਜਨੌਦ ਨਹਿਰ ਦੇ ਪੁਲ ਨੇੜੇ ਕਾਰ ਦਾ ਸੰਤੁਲਨ ਵਿਗੜ ਗਿਆ। ਕਾਰ ਰੇਲਿੰਗ ਤੋੜ ਕੇ ਨਹਿਰ ਵਿੱਚ ਡਿੱਗ ਗਈ। ਲਗਾਤਾਰ ਮੀਂਹ ਕਾਰਨ ਰਾਹਤ ਕਾਰਜਾਂ ਵਿੱਚ ਮੁਸ਼ਕਲ ਆਈ। ਸਥਾਨਕ ਲੋਕਾਂ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਲਗਭਗ ਇੱਕ ਘੰਟੇ ਦੀ ਮਿਹਨਤ ਤੋਂ ਬਾਅਦ ਕਰੇਨ ਦੀ ਮਦਦ ਨਾਲ ਕਾਰ ਨੂੰ ਨਹਿਰ ਵਿੱਚੋਂ ਬਾਹਰ ਕੱਢਿਆ ਗਿਆ ਪਰ ਡਰਾਈਵਰ ਨੂੰ ਬਚਾਇਆ ਨਹੀਂ ਜਾ ਸਕਿਆ। ਜਾਂਚ ਅਧਿਕਾਰੀ ਏਐਸਆਈ ਲਖਵਿੰਦਰ ਸਿੰਘ ਅਨੁਸਾਰ ਮੁੱਢਲੀ ਜਾਂਚ ਵਿੱਚ ਤੇਜ਼ ਰਫ਼ਤਾਰ ਨੂੰ ਹਾਦਸੇ ਦਾ ਕਾਰਨ ਮੰਨਿਆ ਜਾ ਰਿਹਾ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਗਈ।

### ਬਦ ਤੋਂ ਬਦਤਰ ਹੋ ਰਹੇ ਪੰਜਾਬ ਦੇ ਹਾਲਾਤ

# ਜੰਮੂ ਦੇ ਡੋਡਾ 'ਚ ਬਦਲ ਫਟਣ ਨਾਲ ਮਚੀ ਤਬਾਹੀ

**ਸ੍ਰੀਨਗਰ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਵਿੱਚ ਭਾਰੀ ਬਾਰਿਸ਼ ਜਾਰੀ ਹੈ। ਇਸ ਦੌਰਾਨ ਬੱਦਲ ਫਟਣ ਕਾਰਨ ਡੋਡਾ ਵਿੱਚ ਤਬਾਹੀ ਦੇਖਣ ਨੂੰ ਮਿਲ ਰਹੀ ਹੈ। ਕਈ ਘਰਾਂ ਦੇ ਵਹਿ ਜਾਣ ਅਤੇ ਦੱਬ ਜਾਣ ਦੀ ਸੰਭਾਵਨਾ ਹੈ। ਇਲਾਕੇ ਵਿੱਚ ਬਚਾਅ ਕਾਰਜ ਚਲਾਏ ਜਾ ਰਹੇ ਹਨ। ਉੱਥੇ ਹੀ, ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇੱਕ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ



ਕਿਹਾ ਕਿ ਸਥਿਤੀ ਗੰਭੀਰ ਹੈ, ਉਹ ਖੁਦ ਇਸ 'ਤੇ ਨਜ਼ਰ ਰੱਖ ਰਹੇ ਹਨ। ਡੋਡਾ ਦੇ ਕਮਿਸ਼ਨਰ ਨੇ ਐਕਸ 'ਤੇ ਕਿਹਾ ਕਿ ਲਗਾਤਾਰ ਬਾਰਿਸ਼, ਜ਼ਮੀਨ ਖਿਸਕਣ ਅਤੇ ਪੱਥਰ ਡਿੱਗਣ ਕਾਰਨ, ਜੰਗਲਗਵਾਰ ਨਾਲੇ 'ਤੇ NH-244 (ਡੋਡਾ-ਕਿਸ਼ਤਵਾੜ) 'ਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ ਹੈ, ਕਿਉਂਕਿ ਸੜਕ ਦਾ ਇੱਕ ਹਿੱਸਾ ਰੁੜ੍ਹ ਗਿਆ ਹੈ। ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਬਹਾਲੀ ਤੱਕ ਯਾਤਰਾ ਕਰਨ ਤੋਂ ਬਚਣ। ਉਮਰ ਅਬਦੁੱਲਾ ਨੇ ਕਿਹਾ, "ਜੰਮੂ ਦੇ ਕਈ ਹਿੱਸਿਆਂ ਵਿੱਚ ਸਥਿਤੀ ਬਹੁਤ ਗੰਭੀਰ ਹੈ। ਮੈਂ ਸਥਿਤੀ ਦੀ ਨਿਗਰਾਨੀ ਕਰਨ ਲਈ ਸ੍ਰੀਨਗਰ ਤੋਂ ਅਗਲੀ ਉਡਾਣ ਰਾਹੀਂ ਨਿੱਜੀ ਤੌਰ 'ਤੇ ਜੰਮੂ ਜਾਵਾਂਗਾ। ਉੱਥੇ ਹੀ ਕੇਂਦਰੀ ਮੰਤਰੀ ਜਤਿੰਦਰ ਸਿੰਘ ਅਤੇ ਊਧਮਪੁਰ ਤੋਂ ਭਾਜਪਾ ਸੰਸਦ ਮੈਂਬਰ ਜਤਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਹੁਣੇ ਹੀ ਡੋਡਾ ਦੇ ਡੀਸੀ ਹਰਵਿੰਦਰ ਸਿੰਘ ਨਾਲ ਗੱਲ ਕੀਤੀ ਹੈ। ਉਨ੍ਹਾਂ ਦੇ ਅਨੁਸਾਰ, ਭਲੇਸਾ ਦੇ ਚਰਵਾ ਖੇਤਰ ਵਿੱਚ ਅਚਾਨਕ ਹੜ੍ਹ ਆਉਣ ਦੀ ਰਿਪੋਰਟ ਆਈ ਹੈ। ਹੁਣ ਤੱਕ, ਇਸ ਅਚਾਨਕ ਹੜ੍ਹ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਪ੍ਰਸ਼ਾਸਨ ਸਥਿਤੀ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਮੇਰੇ ਦਫ਼ਤਰ ਨੂੰ ਨਿਯਮਤ ਤੌਰ 'ਤੇ ਅਪਡੇਟ ਦਿੱਤੇ ਜਾ ਰਹੇ ਹਨ। ਭਾਰੀ ਬਾਰਿਸ਼ ਦੇ ਮੱਦੇਨਜ਼ਰ, ਜੰਮੂ ਖੇਤਰ ਦੇ ਪ੍ਰਸ਼ਾਸਨ ਨੇ ਐਮਰਜੈਂਸੀ ਨਾਲ ਨਜਿੱਠਣ ਲਈ ਹੈਲਪਲਾਈਨ ਨੰਬਰ ਜਾਰੀ ਕੀਤੇ ਹਨ। ਇਸ ਦੌਰਾਨ, ਐਮਰਜੈਂਸੀ ਬਹਾਲੀ ਦੇ ਕੰਮ ਅਤੇ ਹੋਰ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਡਿਪਟੀ ਕਮਿਸ਼ਨਰਾਂ (43) ਨੂੰ ਵਾਧੂ ਫੰਡ ਮੁਹੱਈਆ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।" ਇਸ ਤੋਂ ਪਹਿਲਾਂ 14 ਅਗਸਤ ਨੂੰ ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਦੇ ਚਸ਼ੋਟੀ ਵਿੱਚ ਬੱਦਲ ਫਟਣ ਕਾਰਨ ਕਈ ਘਰ ਵਹਿ ਗਏ ਸਨ ਅਤੇ ਘੱਟੋ-ਘੱਟ 65 ਲੋਕਾਂ ਦੀ ਮੌਤ ਹੋ ਗਈ ਸੀ।

## ਸ਼੍ਰੋਮਣੀ ਕਮੇਟੀ ਹੜ੍ਹਾਂ ਪੀੜ੍ਹਤਾਂ ਲਈ ਹਰ ਸੰਭਵ ਸਹਾਇਤਾ ਲਈ ਵਚਨਬੱਧ, ਵੱਖ-ਵੱਖ ਗੁਰਦੁਆਰਾ ਸਾਹਿਬਾਨ 'ਚ ਸਥਾਪਤ ਕੀਤੇ ਸਹਾਇਤਾ ਕੇਂਦਰ

**ਅੰਮ੍ਰਿਤਸਰ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅੰਦਰ ਬਣੀ ਹੜ੍ਹਾਂ ਦੀ ਗੰਭੀਰ ਸਥਿਤੀ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ ਵੱਖ ਗੁਰਦੁਆਰਾ ਸਾਹਿਬਾਨ ਅੰਦਰ ਲੋਕਾਂ ਲਈ ਜਿਥੇ ਸਹਾਇਤਾ ਕੇਂਦਰ ਸਥਾਪਤ ਕੀਤੇ ਗਏ ਹਨ, ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਹੜ੍ਹ ਪ੍ਰਭਾਵਿਤ ਲੋਕਾਂ ਦੀ ਮੰਗ ਅਨੁਸਾਰ ਲੋੜੀਂਦੀਆਂ ਜ਼ਰੂਰਤਾਂ ਵਾਸਤੇ ਵੀ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਸ਼੍ਰੋਮਣੀ ਕਮੇਟੀ ਹਰ ਮੁਸ਼ਕਲ ਸਮੇਂ ਮਾਨਵਤਾ ਨਾਲ ਖੜ੍ਹਨਾ ਆਪਣਾ ਫ਼ਰਜ਼ ਸਮਝਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਬਣੇ ਹੜ੍ਹਾਂ ਦੇ ਹਾਲਾਤਾਂ ਦੇ ਮੱਦੇਨਜ਼ਰ ਬੀਤੇ ਦਿਨਾਂ ਤੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅੰਦਰ ਸਹਾਇਤਾ ਕੇਂਦਰ ਸਥਾਪਤ ਕਰਕੇ ਲੋੜਵੰਦਾਂ ਦੀ ਮੱਦਦ ਲਈ ਮੈਨੇਜਰ ਸਾਹਿਬਾਨ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਹੜ੍ਹਾਂ ਦੀ ਸਥਿਤੀ ਹੋਰ ਵੀ ਗੰਭੀਰ ਹੁੰਦੀ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਦੇ ਪ੍ਰਬੰਧ ਕੀਤੇ ਹਨ। ਉਨ੍ਹਾਂ ਹੋਰ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਹੜ੍ਹ ਪੀੜਤਾਂ ਦੀ ਸਹੂਲਤ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਰੋਪੜ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ, ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਕਪੂਰਥਲਾ, ਗੁਰਦੁਆਰਾ ਸ੍ਰੀ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਤਰਨ ਤਾਰਨ, ਗੁਰਦੁਆਰਾ ਭੱਠਾ ਸਾਹਿਬ ਪਾਤਸ਼ਾਹੀ ਦਸਵੀਂ ਕੋਟਲਾ ਨਿਹੰਗ ਰੋਪੜ, ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਰੂਪਨਗਰ, ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ ਮਾਛੀਵਾੜਾ ਲੁਧਿਆਣਾ, ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਾਮਦਾਸ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਗੁਰਦਾਸਪੁਰ, ਗੁਰਦੁਆਰਾ ਚੋਹਲਾ ਸਾਹਿਬ ਪਾਤਸ਼ਾਹੀ ਪੰਜਵੀਂ ਤਰਨ ਤਾਰਨ, ਗੁਰਦੁਆਰਾ ਗੁਰੂਸਰ ਜਾਮਨੀ ਸਾਹਿਬ ਪਾਤਸ਼ਾਹੀ ਦਸਵੀਂ ਬਜ਼ੀਦਪੁਰ ਫਿਰੋਜ਼ਪੁਰ, ਗੁਰਦੁਆਰਾ ਪ੍ਰਕਾਸ਼ ਅਸਥਾਨ ਭਾਈ ਲਾਲੂ ਜੀ ਡੱਲਾ ਕਪੂਰਥਲਾ, ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਂ ਤਰਨ ਤਾਰਨ, ਗੁਰਦੁਆਰਾ ਬਾਬਾ ਬੀਰ ਸਿੰਘ ਜੀ ਪਿੰਡ ਰੱਤੋਕੇ ਤਰਨ ਤਾਰਨ ਵਿਖੇ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਹੜ੍ਹ ਪ੍ਰਭਾਵਿਤ ਲੋਕ ਸਬੰਧਤ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਸਹਾਇਤਾ ਲਈ ਸੰਪਰਕ ਕਰਨ।

## ਵੈਸ਼ਨੋ ਦੇਵੀ ਯਾਤਰਾ ਮਾਰਗ 'ਤੇ ਵਾਪਰਿਆ ਵੱਡਾ ਹਾਦਸਾ, 5 ਸ਼ਰਧਾਲੂਆਂ ਦੀ ਮੌਤ, ਕਈ ਜ਼ਖ਼ਮੀ

**ਕਟੜਾ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਵਿੱਚ ਤ੍ਰਿਕੁਟਾ ਪਹਾੜੀਆਂ 'ਤੇ ਬਣੇ ਮਾਤਾ ਵੈਸ਼ਨੋ ਦੇਵੀ ਮੰਦਰ ਦੇ ਰਸਤੇ 'ਤੇ ਇੱਕ ਵੱਡਾ ਹਾਦਸਾ



ਵਾਪਰਿਆ ਹੈ। ਮੰਗਲਵਾਰ ਦੁਪਹਿਰ ਨੂੰ ਮਾਤਾ ਵੈਸ਼ਨੋ ਦੇਵੀ ਮੰਦਰ ਦੇ ਰਸਤੇ 'ਤੇ ਜ਼ਮੀਨ ਖਿਸਕ ਗਈ। ਇਸ ਹਾਦਸੇ ਵਿੱਚ ਘੱਟੋ-ਘੱਟ 5 ਲੋਕਾਂ ਦੀ ਮੌਤ ਹੋ ਗਈ ਅਤੇ 14 ਲੋਕ ਜ਼ਖਮੀ ਹੋ ਗਏ। ਇਹ ਹਾਦਸਾ ਜ਼ਮੀਨ ਖਿਸਕਣ ਕਾਰਨ ਵਾਪਰਿਆ ਹੈ। ਇਸ ਕਾਰਨ ਵੈਸ਼ਨੋ ਦੇਵੀ ਦੀ ਯਾਤਰਾ ਰੋਕ ਦਿੱਤੀ ਗਈ ਹੈ। ਮੌਕੇ 'ਤੇ ਬਚਾਅ ਕਾਰਜ ਜਾਰੀ ਹੈ ਅਤੇ ਅਧਿਕਾਰੀਆਂ ਨੇ ਦੱਸਿਆ ਕਿ ਹਿਮਕੋਟੀ ਰੂਟ 'ਤੇ ਯਾਤਰਾ ਪਹਿਲਾਂ ਹੀ ਰੋਕ ਦਿੱਤੀ ਗਈ ਸੀ। ਭਾਰੀ ਬਾਰਿਸ਼ ਕਾਰਨ ਪੁਰਾਣੇ ਰੂਟ 'ਤੇ ਯਾਤਰਾ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਮੀਨ ਖਿਸਕਣ ਦੀ ਇਹ ਘਟਨਾ ਅਰਧਕੁੰਵਾੜੀ ਵਿੱਚ ਸਥਿਤ ਇੰਦਰਪ੍ਰਸਥ ਭੋਜਨਾਲਾ ਨੇੜੇ ਵਾਪਰੀ। ਇਹ ਘਟਨਾ ਦੁਪਹਿਰ 3 ਵਜੇ ਦੇ ਕਰੀਬ ਵਾਪਰੀ। ਉਨ੍ਹਾਂ ਕਿਹਾ ਕਿ ਇਹ ਘਟਨਾ ਪਹਾੜੀ 'ਤੇ ਸਥਿਤ ਮੰਦਰ ਨੂੰ ਜਾਣ ਵਾਲੀ ਸੜਕ 'ਤੇ ਵਾਪਰੀ। ਇਹ ਸੜਕ 12 ਕਿਲੋਮੀਟਰ ਲੰਬੀ ਅਤੇ ਘੁੰਮਦੀ ਹੋਈ ਹੈ। ਜ਼ਮੀਨ ਖਿਸਕਣ ਦੀ ਇਹ ਘਟਨਾ ਸੜਕ ਦੇ ਲਗਭਗ ਅੱਧੇ ਹਿੱਸੇ 'ਤੇ ਵਾਪਰੀ। ਇਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹਿਮਕੋਟੀ ਰੂਟ 'ਤੇ ਯਾਤਰਾ ਸਵੇਰ ਤੋਂ ਹੀ ਰੋਕ ਦਿੱਤੀ ਗਈ ਸੀ ਪਰ ਪੁਰਾਣੇ ਰੂਟ 'ਤੇ ਯਾਤਰਾ ਦੁਪਹਿਰ 1.30 ਵਜੇ ਤੱਕ ਜਾਰੀ ਰਹੀ। ਹਾਲਾਂਕਿ ਭਾਰੀ ਬਾਰਿਸ਼ ਦੇ ਮੱਦੇਨਜ਼ਰ ਅਧਿਕਾਰੀਆਂ ਨੇ ਅਗਲੇ ਹੁਕਮਾਂ ਤੱਕ ਇਸ ਰੂਟ ਤੋਂ ਵੀ ਯਾਤਰਾ ਰੋਕਣ ਦਾ ਫੈਸਲਾ ਕੀਤਾ ਹੈ। ਜੰਮੂ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ। ਇਸ ਕਾਰਨ ਭਾਰੀ ਨੁਕਸਾਨ ਹੋਣ ਦੀ ਸੰਭਾਵਨਾ ਹੈ। ਮੀਂਹ ਕਾਰਨ ਪਹਾੜਾਂ ਤੋਂ ਮਿੱਟੀ ਅਤੇ ਪੱਥਰ ਖਿਸਕਣ ਦਾ ਖ਼ਤਰਾ ਵੱਧ ਗਿਆ ਹੈ। ਇਸ ਕਾਰਨ ਵੈਸ਼ਨੋ ਦੇਵੀ ਮੰਦਰ ਦੇ ਰਸਤੇ 'ਤੇ ਜ਼ਮੀਨ ਖਿਸਕ ਗਈ। ਜ਼ਖਮੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਮੌਸਮ ਵਿੱਚ ਸੁਧਾਰ ਹੋਣ ਤੱਕ ਯਾਤਰਾ ਨਾ ਕਰਨ ਦੀ ਅਪੀਲ ਕੀਤੀ ਹੈ।

## ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਰਿਹਾਅ ਦੀ ਮੰਗ ਗੈਰ-ਇਖਲਾਖੀ ਤੇ ਗੈਰ-ਸੰਵਿਧਾਨਕ : ਜਥੇਦਾਰ ਕੁਲਦੀਪ ਸਿੰਘ ਗੜਗੱਜ

**ਚੰਡੀਗੜ੍ਹ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਪ੍ਰਕਾਸ਼ਿਤ ਹੋਈ ਇੱਕ ਖ਼ਬਰ



ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਹੈ। ਪੰਜਾਬ ਪੁਲਿਸ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸੀਬੀਆਈ ਅਦਾਲਤ ਵੱਲੋਂ ਲਗਭਗ ਤਿੰਨ ਦਹਾਕਿਆਂ ਬਾਅਦ ਦੋਸ਼ੀ ਕਰਾਰ ਦਿੱਤੇ ਗਏ ਕਈ ਪੁਲਿਸ ਅਧਿਕਾਰੀਆਂ ਦੇ ਹੱਕ ਵਿੱਚ ਖੜ੍ਹਨਾ ਅਤੇ ਰਾਜਪਾਲ ਪੰਜਾਬ ਪਾਸੋਂ ਉਨ੍ਹਾਂ ਦੀ ਰਿਹਾਈ ਤੇ ਹੋਰ ਸਹੂਲਤਾਂ ਬਹਾਲ ਕਰਨ ਦੀ ਮੰਗ ਕਰਨਾ ਗੈ.ਰ-ਇਕਲਾਖੀ ਤੇ ਗੈ.ਰ-ਸੰਵਿਧਾਨਕ ਹੈ। ਜਥੇਦਾਰ ਗੜਗੱਜ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਆਖਿਆ ਕਿ ਸੀਬੀਆਈ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਗਏ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਨੌਜਵਾਨਾਂ ਦੇ ਪੀੜਤ ਪਰਿਵਾਰਾਂ ਨੂੰ ਪਿਛਲੇ ਤਿੰਨ ਦਹਾਕਿਆਂ ਤੋਂ ਲੰਮੀ ਕਾਨੂੰਨੀ ਲੜਾਈ ਲੜਣੀ ਪਈ ਹੈ, ਜਿਸ ਦੌਰਾਨ ਦੋਸ਼ੀਆਂ ਨੂੰ ਤਰੱਕੀਆਂ ਤੇ ਸਹੂਲਤਾਂ ਦਿੱਤੀਆਂ ਗਈਆਂ ਹਨ ਤੇ ਹੁਣ ਸਰਕਾਰ ਉਨ੍ਹਾਂ ਨੂੰ ਛੱਡਣ ਦੇ ਬਹਾਨੇ ਲੱਭ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਅਜਿਹਾ ਕਰਨਾ ਹੈ ਤਾਂ ਅਦਾਲਤ ਵੱਲੋਂ ਦਿੱਤੀਆਂ ਸਜ਼ਾਵਾਂ ਦਾ ਕੀ ਮਤਲਬ ਰਹਿ ਜਾਂਦਾ ਹੈ। ਇਨ੍ਹਾਂ ਪੁਲਿਸ ਅਧਿਕਾਰੀਆਂ ਨੇ 1990-94 ਵਿੱਚ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਚੁੱਕ ਕੇ ਝੂਠੇ ਮੁਕਾਬਲਿਆਂ ਵਿਚ ਕਤਲ ਕੀਤਾ ਸੀ, ਜਿਸ ਲਈ ਇਨ੍ਹਾਂ ਨੂੰ ਸਜ਼ਾ ਮਿਲਣੀ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ, ਭਾਈ ਜਸਵੰਤ ਸਿੰਘ ਖਾਲੜਾ, ਸ਼ਹੀਦ ਭਗਤ ਸਿੰਘ ਦੇ ਰਿਸਤੇਦਾਰ ਕੁਲਜੀਤ ਸਿੰਘ ਢੱਟ, ਭਾਰਤ ਦੀ ਅਜ਼ਾਦੀ ਸੰਘਰਸ਼ 'ਚ ਯੋਗਦਾਨ ਪਾਉਣ ਵਾਲੇ ਸੁਲੱਖਣ ਸਿੰਘ ਭਕਨਾ, ਫੌਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੁਲਿਸ ਅਤੇ ਬਿਜਲੀ ਬੋਰਡ ਤੇ ਕਈ ਅਧਿਕਾਰੀਆਂ ਤੇ ਹੋਰਨਾਂ ਨੂੰ ਚੁੱਕ ਕੇ ਕਤਲ ਕਰਨ ਦੇ ਕੇਸਾਂ ਵਿਚ ਇਨ੍ਹਾਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਸਜ਼ਾਵਾਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪੁਲਿਸ ਅਫ਼ਸਰਾਂ ਨੂੰ ਰਿਹਾਅ ਕਰਨਾ ਪੀੜਤ ਪਰਿਵਾਰਾਂ ਨਾਲ ਇੱਕ ਹੋਰ ਬੇਇਨਸਾਫ਼ੀ ਹੋਵੇਗੀ। ਜਥੇਦਾਰ ਗੜਗੱਜ ਨੇ ਰਾਜਪਾਲ ਸ੍ਰੀ ਕਟਾਰੀਆ ਨੂੰ ਆਖਿਆ ਇਹ ਮਾਮਲਾ ਪੰਜਾਬ ਅੰਦਰ ਲੰਮਾ ਸਮਾਂ ਚੱਲੇ ਮਨੁੱਖੀ ਅਧਿਕਾਰਾਂ ਦੇ ਵੱਡੇ ਘਾਣ ਨਾਲ ਜੁੜਿਆ ਹੈ ਇਸ ਲਈ ਕੋਈ ਵੀ ਫੈਸਲਾ ਪੰਜਾਬੀਆਂ ਖ਼ਾਸਕਰ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਵੀ ਬਹੁਤ ਹੀ ਮਾੜੀ ਤੇ ਦੁਖਦਾਈ ਗੱਲ ਹੈ ਕਿ ਮੀਡੀਆ ਦਾ ਇੱਕ ਹਿੱਸਾ ਵੀ ਇਸ ਸਿੱਖ-ਵਿਰੋਧੀ ਬਿਰਤਾਂਤ ਨੂੰ ਅਗਾਂਹ ਵਧਾਉਣ ਦਾ ਰੋਲ ਅਦਾ ਕਰ ਰਿਹਾ ਹੈ ਜਦਕਿ ਇਸ ਨੂੰ ਨਿਰਪੱਖ ਤੇ ਨਿਆਂਪੂਰਣ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਮੀਡੀਆ ਵੱਲੋਂ ਦੋਸ਼ੀ ਪੁਲਿਸ ਅਧਿਕਾਰੀਆਂ ਦੀ ਤੁਲਨਾ ਦਹਾਕਿਆਂ ਤੋਂ ਸਜ਼ਾ ਭੁਗਤ ਰਹੇ ਬੰਦੀ ਸਿੰਘਾਂ ਨਾਲ ਕੀਤੀ ਗਈ ਹੈ, ਇਹ ਬਿਲਕੁਲ ਗਲਤ ਅਤੇ ਸ਼ਰਾਰਤ ਭਰੀ ਲਿਖਣੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਲੰਮਾ ਸਮਾਂ ਜੇਲ੍ਹਾਂ ਵਿੱਚ ਕੈਦ ਕੱਟ ਚੁੱਕੇ ਹਨ ਜਦਕਿ ਝੂਠੇ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦਿਵਾਉਣ ਵਿੱਚ ਹੀ ਤੀਹ-ਤੀਹ ਸਾਲਾਂ ਦਾ ਸਮਾਂ ਲੱਗਿਆ ਗਿਆ ਹੈ। ਇਹ ਪੁਲਿਸ ਅਧਿਕਾਰੀ ਪਿਛਲੇ ਤੀਹ ਸਾਲਾਂ ਤੋਂ ਅਜ਼ਾਦ ਸਨ ਅਤੇ ਇਨ੍ਹਾਂ ਨੂੰ ਸਜ਼ਾਵਾਂ ਪਿਛਲੇ ਤਿੰਨ ਸਾਲਾਂ ਤੋਂ ਹੀ ਹੋ ਰਹੀਆਂ ਹਨ।

## ਆਮ ਆਦਮੀ ਪਾਰਟੀ ਦੇ ਸਾਬਕਾ ਮੰਤਰੀ ਸੌਰਭ ਭਾਰਦਵਾਜ ਖਿਲਾਫ 54 ਦਾ ਐਕਸ਼ਨ, ਹਸਪਤਾਲ ਉਸਾਰੀ ਘੁਟਾਲੇ ਮਾਮਲੇ 'ਚ ਵੱਡੀ ਕਾਰਵਾਈ

**ਚੰਡੀਗੜ੍ਹ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਇਨਫੋਰਸਮੈਂਟ ਡਾਇਰੈਕਟੋਰੇਟ



(ਈਡੀ) ਨੇ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਅਤੇ ਸਾਬਕਾ ਮੰਤਰੀ ਸੌਰਭ ਭਾਰਦਵਾਜ ਦੇ ਘਰ ਛਾਪਾ ਮਾਰਿਆ ਹੈ। ਇਹ ਛਾਪਾ ਦਿੱਲੀ ਵਿੱਚ ਕਥਿਤ ਹਸਪਤਾਲ ਘੁਟਾਲੇ ਦੇ ਦੋਸ਼ਾਂ ਕਾਰਨ ਮਾਰਿਆ ਗਿਆ ਹੈ। ਈਡੀ ਨੇ ਵੱਖ-ਵੱਖ ਮਾਮਲਿਆਂ ਵਿੱਚ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਸਮੇਤ ਕਈ 'ਆਪ' ਆਗੂਆਂ 'ਤੇ ਆਪਣੀ ਪਕੜ ਮਜ਼ਬੂਤ ??ਕਰ ਲਈ ਹੈ। ਇਹ ਪਹਿਲੀ ਵਾਰ ਹੈ ਜਦੋਂ ਕੇਂਦਰੀ ਜਾਂਚ ਏਜੰਸੀ ਸੌਰਭ ਭਾਰਦਵਾਜ ਤੱਕ ਪਹੁੰਚੀ ਹੈ। ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ (ਏਸੀਬੀ) ਨੇ 'ਆਪ' ਸਰਕਾਰ ਦੌਰਾਨ ਸਿਹਤ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਵਿੱਚ ਕਥਿਤ ਘੁਟਾਲਿਆਂ ਦੇ ਸਬੰਧ ਵਿੱਚ ਸਾਬਕਾ ਮੰਤਰੀ ਸੌਰਭ ਭਾਰਦਵਾਜ ਅਤੇ ਸਤੇਂਦਰ ਜੈਨ ਵਿਰੁੱਧ ਕੇਸ ਦਰਜ ਕੀਤਾ ਸੀ। ਈਡੀ ਇਸ ਮਾਮਲੇ ਵਿੱਚ ਕਥਿਤ ਮਨੀ ਲਾਂਡਰਿੰਗ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਹੈ। ਇਸ ਸਬੰਧ ਵਿੱਚ 13 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਈਡੀ ਦੀ ਇੱਕ ਟੀਮ ਸਵੇਰੇ ਸੌਰਭ ਭਾਰਦਵਾਜ ਦੇ ਘਰ ਪਹੁੰਚੀ। ਸਖ਼ਤ ਸੁਰੱਖਿਆ ਵਿਚਕਾਰ, ਟੀਮ ਨੇ ਉਨ੍ਹਾਂ ਦੇ ਘਰ 'ਤੇ ਦਸਤਾਵੇਜ਼ਾਂ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ। ਦਿੱਲੀ ਸਰਕਾਰ ਨੇ ਸਾਲ 2018-19 ਵਿੱਚ 5,590 ਕਰੋੜ ਰੁਪਏ ਦੀ ਲਾਗਤ ਨਾਲ 24 ਹਸਪਤਾਲ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਸੀ। ਦੋਸ਼ ਹੈ ਕਿ ਇਨ੍ਹਾਂ ਪ੍ਰੋਜੈਕਟਾਂ ਵਿੱਚ ਬੇਲੋੜੀ ਦੇਰੀ ਹੋਈ ਅਤੇ ਇਨ੍ਹਾਂ ਦੀ ਲਾਗਤ ਬਹੁਤ ਜ਼ਿਆਦਾ ਵਧ ਗਈ। ਆਮ ਆਦਮੀ ਪਾਰਟੀ ਇਸ ਵਿੱਚ ਭ੍ਰਿਸ਼ਟਾਚਾਰ ਦੇ ਕਿਸੇ ਵੀ ਦੋਸ਼ ਤੋਂ ਇਨਕਾਰ ਕਰਦੀ ਆ ਰਹੀ ਹੈ। ਪਾਰਟੀ ਦਾ ਕਹਿਣਾ ਹੈ ਕਿ ਇਸ ਦੇ ਨੇਤਾਵਾਂ ਨੂੰ ਬੇਲੋੜਾ ਫਸਾਇਆ ਜਾ ਰਿਹਾ ਹੈ। ਸਤੇਂਦਰ ਜੈਨ ਦੇ ਜੇਲ੍ਹ ਜਾਣ ਤੋਂ ਬਾਅਦ, ਸੌਰਭ ਭਾਰਦਵਾਜ ਨੂੰ ਦਿੱਲੀ ਸਰਕਾਰ ਵਿੱਚ ਮੰਤਰੀ ਬਣਾਇਆ ਗਿਆ ਸੀ ਅਤੇ ਉਨ੍ਹਾਂ ਨੂੰ ਸਿਹਤ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਸੌਰਭ ਪਾਰਟੀ ਦੇ ਇੱਕ ਤਿੱਖੇ ਬੁਲਾਰੇ ਵੀ ਹਨ ਅਤੇ ਜਦੋਂ ਅਰਵਿੰਦ ਕੇਜਰੀਵਾਲ ਸਮੇਤ ਕਈ ਵੱਡੇ ਨੇਤਾ ਜੇਲ੍ਹ ਵਿੱਚ ਸਨ, ਤਾਂ ਸੌਰਭ ਅਤੇ ਆਤਿਸ਼ੀ ਨੇ ਸਰਕਾਰ ਅਤੇ ਪਾਰਟੀ ਦਾ ਕੰਮ ਸੰਭਾਲ ਲਿਆ ਸੀ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵੱਲੋਂ



# ਪੰਜ ਤਖ਼ਤ ਸਾਹਿਬਾਨ

ਅਤੇ

## 32 ਤੋਂ ਵੱਧ ਹੋਰ ਇਤਿਹਾਸਕ ਗੁਰਧਾਮਾਂ ਦੀ ਯਾਤਰਾ

29 ਅਕਤੂਬਰ ਤੋਂ 8 ਨਵੰਬਰ 2025 ਅਤੇ 15 ਫਰਵਰੀ 2026 ਤੋਂ 25 ਫਰਵਰੀ 2026

ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

★ ਸੰਪਰਕ ★

ਭਾਈ ਰਘਵੀਰ ਸਿੰਘ
+44 7976 210161




CROWN
INTERIOR DESIGN
DESIGN - MANUFACTURING SUPPLY AND FITTING
Follow us on :
DEALS IN :
ਆਵਾਜ਼ਿ ਕੌਮ AWAZE QAUM
International Newspaper & WEB TV
Kitchens
Bedrooms
Media Wall
Loft
Wardrobes & Sliding Doors
Dressing Table
Study Room
Bar
All Inclusive Free Measurement
Design & Quotes
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
SCAN HERE FOR WEBSITE



SCAN HERE FOR WEBSITE
Follow us on :
CROWN
INTERIOR DESIGN
DESIGN - MANUFACTURING SUPPLY AND FITTING
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
ਆਵਾਜ਼ਿ ਕੌਮ
AWAZE QAUM
International Newspaper & WEB TV


















**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

## SANJHA PUNJAB
VEG & NON-VEG INDIAN

0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV

### ਕਿਸਾਨ ਮਜ਼ਦੂਰ ਮੋਰਚਾ ਅਤੇ

# ਸੰਯੁਕਤ ਕਿਸਾਨ ਮੋਰਚਾ ਦੀ ਕਿਸਾਨ ਭਵਨ ਚੰਡੀਗੜ੍ਹ ਵਿੱਚ ਮੀਟਿੰਗ





**ਚੰਡੀਗੜ੍ਹ, 26 ਅਗਸਤ (ਆਵਾਜ਼ਿ ਕੌਮ ਬਿਊਰੋ)-** ਕੇ.ਐੱਮ.ਐੱਮ.ਅਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਵੱਲੋਂ ਏਕਤਾ ਮੀਟਿੰਗ ਕੀਤੀ ਅਤੇ ਦੋਹਾਂ ਫੋਰਮਾਂ ਵਿਚਕਾਰ ਏਕਤਾ ਦੇ ਸੰਭਾਵਨਾ ਪੱਖਾਂ 'ਤੇ ਵਿਚਾਰ ਚਰਚਾ ਕੀਤੀ । ਕੇ.ਐੱਮ.ਐੱਮ. ਨੇ ਇਸ ਮੀਟਿੰਗ ਨੂੰ ਸਕਾਰਾਤਮਕ ਅਤੇ ਰਚਨਾਤਮਕ ਕਹਿੰਦੇ ਹੋਏ ਵਿਸ਼ਵਾਸ ਜ਼ਾਹਰ ਕੀਤਾ ਕਿ ਨਜ਼ਦੀਕੀ ਭਵਿੱਖ ਵਿੱਚ ਦੋਵੇਂ ਪਲੇਟਫ਼ਾਰਮ ਘੱਟੋ-ਘੱਟ ਪ੍ਰੋਗਰਾਮ ਹੇਠ ਸਾਂਝੇ ਪ੍ਰੋਗਰਾਮ ਕਰ ਸਕਦੇ ਹਨ।ਉਹਨਾਂ ਕਿਹਾ ਕਿ ਲੰਬੀ ਚਰਚਾ ਵਧੀਆ ਮਾਹੌਲ ਵਿੱਚ ਹੋਈ ਹੈ ਅਤੇ ਐਸ ਕੇ ਐਮ ਵੱਲੋਂ ਆਏ ਆਗੂਆਂ ਵੱਲੋਂ ਇਸ ਸਬੰਧੀ ਆਪਣੀ ਜਨਰਲ ਬਾਡੀ ਵਿੱਚ ਵਿਚਰਨ ਲਈ ਸਮਾਂ ਮੰਗਿਆ ਹੈ। ਕਿਸਾਨ ਮਜ਼ਦੂਰ ਮੋਰਚਾ ਵੱਲੋਂ ਆਪਣਾ ਪੱਖ ਲਿਖਤੀ ਰੂਪ ਵਿੱਚ ਵੀ ਐਸ ਕੇ ਐਮ ਨੂੰ ਮੁਹਈਆ ਕਰ ਦਿੱਤਾ ਜਾਵੇਗਾ। ਕੇ.ਐੱਮ.ਐੱਮ. ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਿੱਖੀ ਆਲੋਚਨਾ ਕੀਤੀ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਵਿੱਚ ਆਏ ਹੜ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਰਾਜ ਭਰ ਦੇ ਕਿਸਾਨਾਂ ਨੂੰ ਵੱਡੇ ਨੁਕਸਾਨ ਝੱਲਣੇ ਪਏ ਹਨ, ਪਰ ਸਰਕਾਰ ਇਸ ਮੌਕੇ ਫੇਲ ਸਾਬਿਤ ਹੋਈ ਹੈ ।ਉਹਨਾਂ ਮੰਗ ਕੀਤੀ ਕਿ ਪ੍ਰਭਾਵਿਤ ਕਿਸਾਨਾਂ ਨੂੰ ਤੁਰੰਤ ਪ੍ਰਤੀ ਏਕੜ 70 ਹਜ਼ਾਰ ਰੁਪਏ ਮੁਆਵਜ਼ਾ ਅਤੇ ਮਜ਼ਦੂਰਾਂ ਨੂੰ 7 ਹਜ਼ਾਰ ਰੁਪਏ ਦਿੱਤੇ ਜਾਣ।ਉਹਨਾਂ ਮੰਗ ਕੀਤੀ ਕਿ ਜਿੰਨਾ ਕਿਸਾਨਾਂ ਮਜਦੂਰਾਂ ਨੂੰ ਹੜ੍ਹ ਨਾਲ ਨੁਕਸਾਨ ਪਹੁੰਚਿਆ ਹੈ ਉਹਨਾਂ ਦੇ ਬੈਂਕ ਕਰਜ਼ਿਆਂ ਸਮੇਤ ਹਰ ਤਰ੍ਹਾ ਦੀਆਂ ਕਿਸ਼ਤਾਂ ਅਤੇ ਛਿਮਾਹੀ ਦਾ ਵਿਆਜ਼ ਮਾਫ਼ ਕੀਤਾ ਜਾਵੇ। ਉਹਨਾਂ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਟਰਾਲੀਆਂ ਦੀ ਚੋਰੀ ਦੀਆਂ ਘਟਨਾਵਾਂ ਬਾਰੇ ਕੇ.ਐੱਮ.ਐੱਮ. ਵੱਲੋਂ ਵੱਡੇ ਖੁਲਾਸੇ ਕੀਤੇ।ਉਨ੍ਹਾਂ ਨੇ ਦੱਸਿਆ ਕਿ ਦੋ ਚੋਰੀ ਕੀਤੀਆਂ ਟਰਾਲੀਆਂ ਦੇ ਟਾਇਰ ਅਤੇ ਹੁੱਕ ਨਾਭਾ ਵਿਖੇ ਆਮ ਆਦਮੀ ਪਾਰਟੀ ਦੇ ਇਕ ਆਗੂ ਦੀ ਵਰਕਸ਼ਾਪ ਤੋਂ ਬਰਾਮਦ ਹੋਏ। ਕੇ.ਐੱਮ.ਐੱਮ. ਦੇ ਅਨੁਸਾਰ ਪੂਰੇ ਸਬੂਤ ਇਕੱਠੇ ਕਰਨ ਤੋਂ ਬਾਅਦ, ਕੇ.ਐੱਮ.ਐੱਮ. ਦੀ ਜਥੇਬੰਦੀ ਬੀ ਕੇ ਯੂ ਏਕਤਾ ਅਜ਼ਾਦ ਦੇ ਕਾਰਕੁੰਨਾਂ ਨੇ ਪੁਲਿਸ ਦੇ ਨਾਲ ਮਿਲ ਕੇ ਛਾਪਾ ਮਾਰਿਆ, ਜਿੱਥੇ ਇਹ ਸਾਬਤ ਹੋਇਆ ਕਿ ਸੰਬੰਧਤ ਆਗੂ ਨੇ ਦੋ ਟਰਾਲੀਆਂ ਨੂੰ ਕੱਟ ਵੱਢ ਕੇ ਵੇਚ ਦਿੱਤਾ ਸੀ। ਉਹਨਾਂ ਕਿਹਾ ਕਿ ਇਹ ਆਗੂ ਨਾਭਾ ਦੀ ਆਮ ਆਦਮੀ ਪਾਰਟੀ ਦੀ ਮਿਉਂਸਪਲ ਕਮੇਟੀ ਪ੍ਰਧਾਨ ਦਾ ਪਤੀ ਵੀ ਹੈ। ਕੇ. ਐੱਮ. ਐੱਮ. ਨੇ ਐਲਾਨ ਕੀਤਾ ਕਿ ਇਸ ਘਿਨੌਣੇ ਕੰਮ ਵਿੱਚ ਸ਼ਾਮਲ ਆਗੂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਲਈ ਜਲਦੀ ਹੀ ਆਗੂਆਂ ਦਾ ਇਕ ਵਫ਼ਦ ਐੱਸ.ਐੱਸ.ਪੀ.ਪਟਿਆਲਾ ਨੂੰ ਮਿਲੇਗਾ। ਉਹਨਾਂ ਕਿਹਾ ਕਿ ਕਿਸਾਨ ਮਜ਼ਦੂਰ ਮੋਰਚਾ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਏਕਜੁੱਟ ਖੜ੍ਹਾ ਰਹੇਗਾ ਅਤੇ ਸੱਤਾ ਵਿਚ ਬੈਠੇ ਲੋਕਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਅਤੇ ਭ੍ਰਿਸ਼ਟ ਕਰਤੂਤਾਂ ਨੂੰ ਬੇਨਕਾਬ ਕਰਦਾ ਰਹੇਗਾ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ, ਡਾਕਟਰ ਦਰਸ਼ਨਪਾਲ, ਕੇ. ਪੀ. (ਕਿਸ਼ਨ ਪ੍ਰਸਾਦ) ਅਤੇ ਕੇ ਐਮ ਐਮ ਵੱਲੋਂ ਸਰਵਣ ਸਿੰਘ ਪੰਧੇਰ, ਜਸਵਿੰਦਰ ਸਿੰਘ ਲੌਂਗੋਵਾਲ, ਮਨਜੀਤ ਸਿੰਘ ਰਾਏ, ਬੀਬੀ ਸੁਖਵਿੰਦਰ ਕੌਰ, ਗੁਰਅਮਨੀਤ ਸਿੰਘ ਮਾਂਗਟ, ਬਲਦੇਵ ਸਿੰਘ ਜੀਰਾ, ਦਿਲਬਾਗ ਸਿੰਘ ਗਿੱਲ, ਮਨਜੀਤ ਸਿੰਘ ਨਿਆਲ਼, ਗੁਰਧਿਆਨ ਸਿੰਘ, ਬਲਕਾਰ ਸਿੰਘ ਬੈਂਸ, ਦਵਿੰਦਰ ਸਿੰਘ ਸੰਧੂ ਹਾਜ਼ਿਰ ਰਹੇ।

**ਕਿਸਾਨ ਮਜ਼ਦੂਰ ਮੋਰਚਾ ਵੱਲੋਂ ਪੰਜਾਬ ਦੇ ਕਿਸਾਨਾਂ ਦੇ ਤਤਕਾਲੀ ਮੁੱਦਿਆਂ ਬਾਰੇ ਆਪਣੀ ਪੋਜ਼ੀਸ਼ਨ ਸਪਸ਼ਟ ਕੀਤੀ ਗਈ**

# ਬਾਰਿਸ਼ ਅਤੇ ਪੌਂਗ ਡੈਮ ਦੇ ਪਾਣੀ ਦੇ ਪੱਧਰ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਸਖ਼ਤ ਨਜ਼ਰ, ਰਾਹਤ ਤੇ ਪੁਨਰਵਾਸ ਕਾਰਜ ਜਾਰੀ : ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

**ਬੀ.ਬੀ.ਐਮ.ਬੀ ਤੇ ਜਲ ਸਰੋਤ ਵਿਭਾਗ ਨਾਲ ਲਗਾਤਾਰ ਤਾਲਮੇਲ, ਡਿਸਚਾਰਜ ਤਕਨੀਕੀ ਆਧਾਰ 'ਤੇ ਕੰਟਰੋਲ ਵਿੱਚ**

**ਮੈਡੀਕਲ ਕੈਂਪ, ਪਸ਼ੂ ਚਾਰਾ, ਪੀਣ ਵਾਲਾ ਪਾਣੀ, ਕਲੋਰਿਨ ਦੀਆਂ ਗੋਲੀਆਂ ਤੇ ਹੋਰ ਰਾਹਤ ਸਮੱਗਰੀ ਦੇ ਪ੍ਰਬੰਧ ਬਣਾਏ ਯਕੀਨੀ**



**ਹੁਸ਼ਿਆਰਪੁਰ, 26 ਅਗਸਤ (ਆਵਾਜ਼ਿ ਕੌਮ ਬਿਊਰੋ)-** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਤੋਂ ਹਿਮਾਚਲ ਪ੍ਰਦੇਸ਼ ਅਤੇ ਜ਼ਿਲ੍ਹੇ ਵਿਚ ਹੋਈ ਬਾਰਿਸ਼ ਕਾਰਨ ਪੌਂਗ ਡੈਮ ਵਿਚ ਪਾਣੀ ਦਾ ਵਹਾਅ ਲਗਾਤਾਰ ਵਧਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬੀ.ਬੀ.ਐਮ.ਬੀ ਅਤੇ ਜਲ ਸਰੋਤ ਵਿਭਾਗ ਨਾਲ ਲਗਾਤਾਰ ਤਾਲਮੇਲ ਵਿਚ ਹੈ ਅਤੇ ਪ੍ਰਾਪਤ ਤਕਨੀਕੀ ਜਾਣਕਾਰੀ ਦੇ ਆਧਾਰ 'ਤੇ ਡਿਸਚਾਰਜ ਨੂੰ ਸਾਵਧਾਨੀ ਅਤੇ ਤਕਨੀਕੀ ਤੌਰ 'ਤੇ ਕੰਟਰੋਲ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਚੱਕੀ ਨਦੀ ਵਿਚ ਅਚਾਨਕ ਪਾਣੀ ਦਾ ਵਹਾਅ ਬਹੁਤ ਜ਼ਿਆਦਾ ਹੋਣ ਕਾਰਨ ਮੁਕੇਰੀਆਂ ਦੇ ਪਿੰਡ ਮੋਤਲਾ, ਮਹਿਤਾਬਪੁਰ ਅਤੇ ਹਲੇੜ ਜਨਾਰਦਨ ਪਿੰਡਾਂ ਵਿਚ ਕੁਝ ਥਾਵਾਂ 'ਤੇ ਪਾੜ ਪੈ ਗਏ ਸਨ। ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਡਰੇਨੇਜ, ਮਨਰੇਗਾ ਅਤੇ ਹੋਰ ਸਬੰਧਤ ਵਿਭਾਗਾਂ ਦੀਆਂ ਟੀਮਾਂ ਨੂੰ ਮੌਕੇ 'ਤੇ ਤਾਇਨਾਤ ਕੀਤਾ ਗਿਆ। ਉਨ੍ਹਾਂ ਖ਼ੁਦ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਲੋਕਾਂ ਨਾਲ ਸਿੱਧਾ ਸੰਪਰਕ ਸਥਾਪਿਤ ਕੀਤਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਪ੍ਰਸ਼ਾਸਨ ਲਗਾਤਾਰ ਪ੍ਰਭਾਵਿਤ ਪਰਿਵਾਰਾਂ ਦੇ ਸੰਪਰਕ ਵਿਚ ਹੈ ਅਤੇ ਪ੍ਰਭਾਵਿਤ ਥਾਵਾਂ 'ਤੇ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਪਸ਼ੂਆਂ ਦਾ ਚਾਰਾ, ਪੀਣ ਵਾਲਾ ਪਾਣੀ ਅਤੇ ਕਲੋਰੀਨ ਦੀਆਂ ਗੋਲੀਆਂ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ।ਮਾਲ ਵਿਭਾਗ ਦੀਆਂ ਟੀਮਾਂ ਪ੍ਰਭਾਵਿਤ ਘਰਾਂ ਦਾ ਤੁਰੰਤ ਮੁਲਾਂਕਣ ਕਰ ਰਹੀਆਂ ਹਨ ਤਾਂ ਜੋ ਯੋਗ ਪਰਿਵਾਰਾਂ ਨੂੰ ਜਲਦ ਤੋਂ ਜਲਦ ਮੁਆਵਜ਼ਾ ਦਿੱਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰੈੱਡ ਕਰਾਸ ਸੁਸਾਇਟੀ ਪ੍ਰਭਾਵਿਤ ਲੋਕਾਂ ਨੂੰ ਲਗਾਤਾਰ ਰਾਸ਼ਨ ਅਤੇ ਹੋਰ ਜ਼ਰੂਰੀ ਸਮੱਗਰੀ ਪ੍ਰਦਾਨ ਕਰ ਰਹੀ ਹੈ। ਇਸ ਦੇ ਨਾਲ ਹੀ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਸਮੇਤ ਕਈ ਸਮਾਜਿਕ ਸੰਸਥਾਵਾਂ ਵੀ ਰਾਹਤ ਕਾਰਜਾਂ ਵਿਚ ਸਰਗਰਮ ਹਨ। ਉਨ੍ਹਾਂ ਜ਼ਿਲ੍ਹੇ ਦੀਆਂ ਹੋਰਨਾਂ ਸਮਾਜਿਕ ਅਤੇ ਸਵੈ-ਇੱਛੁਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਰੈੱਡ ਕਰਾਸ ਸੁਸਾਇਟੀ ਨਾਲ ਤਾਲਮੇਲ ਕਰਨ ਅਤੇ ਪ੍ਰਸ਼ਾਸਨ ਦੀ ਮਦਦ ਕਰਨ, ਤਾਂ ਜੋ ਰਾਹਤ ਸਮੱਗਰੀ ਬਰਾਬਰ ਵੰਡੀ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੇ 10 ਦਿਨਾਂ ਤੋਂ ਟਾਂਡਾ ਇਲਾਕੇ ਦੇ ਅਬਦੁੱਲਾਪੁਰ, ਰੜਾ ਅਤੇ ਫਤਿਹਪੁਰ ਕੁੱਲਾ ਵਿਖੇ ਨੈਸ਼ਨਲ ਹਾਈਵੇਅ ਦੇ ਪੁਲ ਦੇ ਗਾਈਡ ਬੰਨ੍ਹ ਵਿਚ ਸਮੱਸਿਆ ਆਉਣ ਕਾਰਨ ਪਾਣੀ ਦਾਖ਼ਲ ਹੋ ਗਿਆ ਸੀ। ਇਨ੍ਹਾਂ ਥਾਵਾਂ 'ਤੇ ਵੀ ਟੀਮਾਂ ਤਾਇਨਾਤ ਕੀਤੀਆਂ ਗਈਆ ਹਨ ਅਤੇ ਅਤੇ 24 ਘੰਟੇ ਨਿਗਰਾਨੀ ਯਕੀਨੀ ਬਣਾਈ ਜਾ ਰਹੀ ਹੈ ਤਾਂ ਜੋ ਰਾਹਤ ਕਾਰਜਾਂ ਵਿਚ ਕੋਈ ਕਮੀ ਨਾ ਰਹੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਸਕੱਤਰ ਵੱਲੋਂ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਰਾਹਤ ਅਤੇ ਪੁਨਰਵਾਸ ਕਾਰਜਾਂ ਵਿਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ। ਸਰਕਾਰ ਵੱਲੋਂ ਲੋੜੀਂਦੇ ਫੰਡ ਉਪਲਬੱਧ ਕਰਵਾਏ ਗਏ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਫ਼ਤ ਪ੍ਰਬੰਧਨ ਰਾਹਤ ਫੰਡ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪ੍ਰਭਾਵਿਤ ਇਲਾਕਿਆਂ ਵਿਚ ਨੁਕਸਾਨ ਦਾ ਮੁਲਾਂਕਣ ਇਕੋ ਸਮੇਂ ਕੀਤਾ ਜਾ ਰਿਹਾ ਹੈ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਸਿਰ ਵਿੱਤੀ ਸਹਾਇਤਾ ਮਿਲ ਸਕੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਆਸ ਦਰਿਆ ਅਤੇ ਇਸ ਦੇ ਆਲੇ-ਦੁਆਲੇ ਦੇ ਨੀਵੇਂ ਇਲਾਕਿਆਂ ਵਿਚ ਨਾ ਜਾਣ ਅਤੇ ਉੱਥੇ ਨਹਾਉਣ ਜਾਂ ਸੈਲਫੀ ਲੈਣ ਵਰਗੀਆਂ ਗਤੀਵਿਧੀਆਂ ਤੋਂ ਬਚਣ। ਉਨ੍ਹਾਂ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਹੜ੍ਹਾਂ ਨਾਲ ਨਜਿੱਠਣ ਲਈ ਜ਼ਿਲ੍ਹਾ ਪੱਧਰ 'ਤੇ ਇਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜੋ ਹਫ਼ਤੇ ਦੇ ਸੱਤੇ ਦਿਨ 24 ਘੰਟੇ ਕੰਮ ਕਰਦਾ ਹੈ। ਇਸ ਕੰਟਰੋਲ ਰੂਮ ਦਾ ਟੈਲੀਫੋਨ ਨੰਬਰ 01882-220412 ਹੈ, ਜਦੋਂ ਕਿ ਤਹਿਸੀਲ ਪੱਧਰ 'ਤੇ ਵੀ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ। ਤਹਿਸੀਲ ਹੁਸ਼ਿਆਰਪੁਰ ਦਾ ਨੰਬਰ 01882-244175, ਗੜ੍ਹਸ਼ੰਕਰ 01884-282026, ਦਸੂਹਾ 01883-506268, ਟਾਂਡਾ 01886-512952 ਅਤੇ ਮੁਕੇਰੀਆਂ ਦਾ 01883-244310 ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨਾਗਰਿਕ ਕਿਸੇ ਵੀ ਐਮਰਜੈਂਸੀ ਜਾਂ ਜਾਣਕਾਰੀ ਲਈ ਇਨ੍ਹਾਂ ਕੰਟਰੋਲ ਰੂਮ ਨੰਬਰਾਂ 'ਤੇ ਤੁਰੰਤ ਸੰਪਰਕ ਕਰ ਸਕਦੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ 24 ਘੰਟੇ ਡਿਊਟੀ 'ਤੇ ਹਨ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

**ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ 24 ਘੰਟੇ ਕੰਟਰੋਲ ਰੂਮ ਸਥਾਪਿਤ, ਐਮਰਜੈਂਸੀ ਮੌਕੇ ਨਾਗਰਿਕ ਤੁਰੰਤ ਕਰਨ ਸੰਪਰਕ**

# ਸੀ.ਐੱਚ.ਸੀ. ਝਬਾਲ ਵਿਖੇ ਆਸ਼ਾ ਵਰਕਰਜ ਫੈਸੀਲਿਟੇਟਰ ਸਾਂਝਾ ਮੋਰਚਾ ਵੱਲੋਂ ਹੱਕੀ ਮੰਗਾਂ ਸਬੰਧੀ ਧਰਨਾ ਜਾਰੀ



**ਸਰਾਏ ਅਮਾਨਤ ਖਾਂ, 26 ਅਗਸਤ (ਆਵਾਜ਼ਿ ਕੌਮ ਬਿਊਰੋ)-**ਆਸਾ ਵਰਕਰਜ ਫੈਸੀਲਿਟੇਟਰ ਸਾਂਝਾ ਮੋਰਚਾ ਪੰਜਾਬ ਵੱਲੋ ਆਪਣੀਆਂ ਲਮਕਦੀਆ ਹੱਕੀ ਮੰਗਾ ਨੂੰ ਮਨਾਉਣ ਲਈ ਉਲੀਕੇ ਪਰੋਗਰਾਮ ਅਨੁਸਾਰ ਆਸਾਵਰਕਰ ਫੈਸੀਲਿਟੇਟਰ ਪੰਜਾਬ ਭਰ ਚ,ਦੂਜੇ ਦਿਨ ਵੀ ਵਰਦੇ ਮੀਂਹ ਵਿੱਚ ਮੋਰਚੇ ਬਣਾ ਕੇ ਡਟੇ ਰਹੇ।ਇਸੇ ਤਾਹਿਤ ਜਿਲਾ ਤਰਨਤਾਰਨ ਦੀ ਸਮੁੱਚੀ ਅਤੇ ਬਲਾਕ ਝਬਾਲ ਟੀਮ ਵੱਲੋਂ ਸੂਬਾ ਪ੍ਰਧਾਨ ਗੁਰਵੰਤ ਕੌਰ ਝਬਾਲ ਦੀ ਅਗਵਾਈ ਹੇਠ ਦੂਜੇ ਦਿਨ ਵੀ ਸੀ ਐਚ ਸੀ ਝਬਾਲ ਵਿਖੇ ਰੋਸ ਵਜੋਂ ਹੜਤਾਲ ਕਰਕੇ ਧਰਨਾ ਜਾਰੀ ਰੱਖਿਆ।ਅਤੇ ਸਮੂਹ ਆਸਾ ਵਰਕਰ ਤੇ ਫੈਸੀਲਿਟੇਟਰਜ ਵਲੋਂ ਪੰਜਾਬ ਸਰਕਾਰ ਦੇ ਝੂਠੇ ਵਾਅਦਿਆ ਖਿਲਾਫ਼ ਜੋਰਦਾਰ ਰੋਸ ਪ੍ਰਦਰਸ਼ਨ ਕਰਦਿਆਂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਾਏ।ਧਰਨੇ ਵਿਚ ਮੀਤ ਪ੍ਰਧਾਨ ਮਨਦੀਪ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵਾਲੀ ਪੰਜਾਬ ਸਰਕਾਰ ਪੰਜਾਬ ਭਰ ਦੀਆਂ ਵਰਕਰਾਂ ਨਾਲ ਵਾਅਦਾ ਖਿਲਾਫੀ ਵਾਲੇ ਸਲੂਕ ਕਰ ਰਹੀ ਹੈ।ਸਰਕਾਰ ਦਾ ਸਾਢੇ ਤਿੰਨ ਸਾਲ ਦਾ ਸਮਾਂ ਲੰਘਣ ਤੇ ਹੱਕੀ ਮੰਗਾ ਤੇ ਦਰਪੇਸ਼ ਮੁਸ਼ਿਕਲਾਂ ਸਬੰਧੀ ਹਜਾਰਾਂ ਮੰਗ ਪੱਤਰ ਪੰਜਾਬ ਸਰਕਾਰ ਕੋਲ ਪਹੁੰਚਣ ਦੇ ਬਾਵਜੂਦ ਮੰਗ ਪੱਤਰਾ ਨੂੰ ਅਮਲੀ ਜਾਮਾ ਨਹੀਂ ਪਹਿਨਇਆ ਗਿਆ।ਉਨਾਂ ਅੱਗੇ ਕਿਹਾ ਕਿ ਲਮਕ ਅਵਸਥਾ ਵਾਲੀਆ ਮੰਗਾ ਉਜਰਤਾ ਦੇ ਕਾਨੂੰਨ ਲਾਗੂ ਕਰਦਿਆਂ ਛੇਵੇ ਪੇ ਕਮਿਸਨ ਤੇ ਘੱਟੋ ਘੱਟ 26000 ਰਪਏ ਦੇ ਕਿ ਰੈਗੂਲਰ ਕਰਨ ਕੱਟੇ ਭੱਤੇ ਬਹਾਲ ਕਰਨ,ਫੈਸੀਲਿਟੇਟਰ ਦੀ ਟੂਰ ਮਨੀ ਵਿਚ ਵਾਧਾ ਕਰਨਾ,ਗੁਆਢੀ ਦੇਸ ਹਰਿਆਣਾ ਦੀ ਤਰਜ ਤੇ ਪੰਜ ਲੱਖ ਰੁਪਏ ਸਹਾਇਤਾ ਫੰਡ ਤੇ ਪੈਨਸਨ ਦਾ ਪ੍ਰਬੰਧ ਮਿਲਣ ਵਾਲਾ ਫਿਕਸ ਭੱਤੇ ਨੂੰ ਕੀਤੇ ਵਾਅਦੇ ਅਨੁਸਾਰ 2500 ਰੁਪਏ ਨੂੰ 10 ਹਜਾਰ ਕਰਨਾ,ਮੰਨੀਆ ਮੰਗਾ ਪ੍ਰਸੂਤੀ ਛੁੱਟੀ ਤੇ ਨੋਟੀਫਿਕੇਸ਼ਨ ਜਾਰੀ ਕਰਨਾ,ਰਹਿੰਦਿਆ ਜਿਲਿਆ ਵਿਚ ਮੋਬਾਇਲ ਸਿੰਮਾ ਪ੍ਰਾਪਤ ਕਰਾਉਣਾ ਆਦਿ ਮੰਗਾ ਮੰਨਾਉਣ ਲਈ ਵਰਕਰਾਂ ਵਿਚ ਇਹ ਰੋਸ ਪ੍ਰਦਰਸ਼ਨ ਇਕ ਲਹਿਰ ਬਣ ਗਈ ਹੈ।ਮੋਰਚੇ ਵਿਚ ਅਪੀਲ ਕੀਤੀ ਗਈ ਕਿ ਜੇਕਰ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾ ਇਹ ਮੰਗਾਂ ਤੇ ਮਸਕਲਾ ਦਾ ਹਲ ਕਰਾਉਣ ਲਈ ਜੰਗ ਦੇ ਮੈਦਾਨ ਵਿਚ ਉਤਰੇ ਕਾਫਲੇ ਅੱਗੇ ਵਧਦੇ ਜਾਣਗੇ।ਇਨਾਂ ਦੇ ਗੰਭੀਰ ਸਿੱਟਿਆ ਦੀ ਸਰਕਾਰ ਖੁਦ ਜਿਮੇਵਾਰ ਹੋਵੇਗੀ।ਇਸ ਮੌਕੇ ਬਲਵਿੰਦਰ ਕੋਰ ਝਬਾਲ,ਸ਼ਰਨਜੀਤ ਕੌਰ ਝਬਾਲ, ਅਮਰਜੀਤ ਕੌਰ ਮੰਨਣ,ਪ੍ਰਸੰਨ ਕੌਰ ਮੰਨਣ,ਸਰਬਜੀਤ ਕੌਰ ਝਬਾਲ, ਕੰਵਲਜੀਤ ਕੌਰ ਭੁੱਜੜਾਵਾਲਾ,ਬੱਬੀ ਮਾਲੂਵਾਲ, ਸਰਬਜੀਤ ਕੌਰ ਮੀਰਪੁਰ, ਰਜਵੰਤ ਕੌਰ ਝਬਾਲ,ਵੀਰਾ ਰਾਣੀ ਪੰਜਵੜ,ਪ੍ਰਵੀਨ ਪੱਧਰੀ ਕਲਾਂ,ਪ੍ਰਵੀਨ ਮੁਕਾਮਪੁਰ ਆਦਿ ਵੀ ਹਾਜਰ ਸਨ।

## ਭਾਜਪਾ ਹੁਣ ਰਾਸ਼ਨ ਲੁੱਟਣ ਦੀ ਰਚ ਰਹੀ ਹੈ ਸਾਜ਼ਿਸ਼ : ਡਾ. ਰਵਜੋਤ ਸਿੰਘ

# ਸਥਾਨਕ ਸਰਕਾਰਾਂ ਮੰਤਰੀ ਨੇ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਿਖੇ ਖੁੱਲ੍ਹੇ ਪੱਤਰ ਬਾਰੇ ਲੋਕਾਂ ਨੂੰ ਦਿੱਤੀ ਜਾਣਕਾਰੀ



**ਹੁਸ਼ਿਆਰਪੁਰ, 26 ਅਗਸਤ (ਆਵਾਜ਼ਿ ਕੌਮ ਬਿਊਰੋ)-**ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਭਾਜਪਾ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਨੇ ਪਹਿਲਾਂ ਵੋਟਾਂ ਚੋਰੀ ਕੀਤੀਆਂ ਅਤੇ ਹੁਣ ਗ.ਰੀਬਾਂ ਦਾ ਰਾਸ਼ਨ ਚੋਰੀ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਦੇ ਲੱਗਭਗ 55 ਲੱਖ ਗਰੀਬ ਪਰਿਵਾਰਾਂ ਦੇ ਹੱਕ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਇਸ ਬੇਇਨਸਾਫ਼ੀ ਵਿਰੁੱਧ ਪੰਜਾਬ ਭਰ ਵਿਚ ਨੁੱਕੜ ਮੀਟਿੰਗਾਂ ਦਾ ਆਯੋਜਨ ਸ਼ੁਰੂ ਕਰ ਦਿੱਤਾ ਹੈ, ਤਾਂ ਜੋ ਲੋਕਾਂ ਨੂੰ ਭਾਜਪਾ ਦੇ ਇਰਾਦਿਆਂ ਅਤੇ ਸਾਜ਼ਿਸ਼ਾਂ ਤੋਂ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਵਿਧਾਨ ਸਭਾ ਸ਼ਾਮ ਚੁਰਾਸੀ ਵਿਚ ਵਰਕਰਾਂ ਦੀ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਲੋਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਿਖੇ ਖੁੱਲ੍ਹੇ ਪੱਤਰ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਭਰੋਸਾ ਦਿੱਤਾ ਹੈ ਕਿ ਜਦੋਂ ਤੱਕ ਉਹ ਮੁੱਖ ਮੰਤਰੀ ਹਨ, ਕਿਸੇ ਵੀ ਗ.ਰੀਬ ਪਰਿਵਾਰ ਦਾ ਰਾਸ਼ਨ ਕਾਰਡ ਰੱਦ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਹਰ ਪੱਧਰ 'ਤੇ ਗਰੀਬਾਂ ਦੇ ਹੱਕਾਂ ਦੀ ਰਾਖੀ ਕਰੇਗੀ ਅਤੇ ਜੇਕਰ ਭਾਜਪਾ ਕਿਸੇ ਵੀ ਗ.ਰੀਬ ਪਰਿਵਾਰ ਤੋਂ ਰਾਸ਼ਨ ਖੋਹਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਹ ਲੜਾਈ ਸਿਰਫ਼ ਰਾਸ਼ਨ ਲਈ ਨਹੀਂ ਹੈ, ਸਗੋਂ ਗਰੀਬਾਂ ਦੀ ਇੱਜ਼ਤ ਅਤੇ ਹੱਕਾਂ ਲਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਹਮੇਸ਼ਾ ਗਰੀਬਾਂ ਅਤੇ ਆਮ ਲੋਕਾਂ ਲਈ ਲੜਦੀ ਰਹੀ ਹੈ ਅਤੇ ਭਵਿੱਖ ਵਿਚ ਵੀ ਅਜਿਹਾ ਕਰਦੀ ਰਹੇਗੀ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਲੋਕਾਂ ਨੂੰ ਸੱਚ ਦੱਸਣ ਅਤੇ ਭਾਜਪਾ ਦੇ ਝੂਠੇ ਪ੍ਰਚਾਰ ਦਾ ਪਰਦਾਫਾਸ਼ ਕਰਨ।

# ਸਟੇਟ ਅਵਾਰਡ ਮਿਲਣ ਤੇ ਸਾਇਕਲਿਸਟ ਬਲਰਾਜ ਸਿੰਘ ਚੌਹਾਨ ਦਾ ਡਾਕਟਰ ਰਾਜ ਕੁਮਾਰ ਮੈਂਬਰ ਪਾਰਲੀਮੈਂਟ ਵਲੋਂ ਵਿਸ਼ੇਸ਼ ਸਨਮਾਨ

**ਹੁਸ਼ਿਆਰਪੁਰ, 26 ਅਗਸਤ (ਆਵਾਜ਼ਿ ਕੌਮ ਬਿਊਰੋ)-**ਡਾਕਟਰ ਰਾਜ ਕੁਮਾਰ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਵਲੋ ਇੰਟਰਨੈਸ਼ਨਲ ਸਾਇਕਲਿਸਟ ਬਲਰਾਜ ਸਿੰਘ ਚੌਹਾਨ ਦਾ ਪੰਜਾਬ ਸਰਕਾਰ ਵਲੋ ਅਜਾਦੀ ਦਿਵਸ ਤੇ ਸਟੇਟ ਅਵਾਰਡ ਮਿਲਣ ਤੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਤੇ ਡਾ. ਪੰਕਜ ਸ਼ਿਵ ਵੀ ਮੌਜੂਦ ਸਨ। ਇਸ ਸਮੇਂ ਉਨਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਏਹ ਸਨਮਾਨ ਸਾਡੇ ਹੁਸ਼ਿਆਰਪੁਰ ਦੇ ਸਾਇਕਲਿਸਟ ਬਲਰਾਜ ਸਿੰਘ ਚੌਹਾਨ ਨੂੰ ਉਨਾਂ ਦੀ ਸਖਤ ਮੇਹਨਤ ਕਾਰਣ ਮਿਲਿਆ ਹੈ। ਬਲਰਾਜ ਚੌਹਾਨ ਨੇ ਦੇਸ਼ ਵਿਦੇਸ਼ ਚ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕੀਤਾ ਹੈ। ਨੌਜਵਾਨਾ ਲਈ ਮਿਸਾਲ ਹਨ ਤੇ ਏਨਾਂ ਤੋ ਪ੍ਰਭਾਵਿਤ ਹੋ ਕੇ ਸੈਕੜੇਂ ਨੌਜਵਾਨ ਸਾਇਕਲਿੰਗ ਕਰ ਰਹੇ ਹਨ। ਉਨਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਇਸ ਸਮੇਂ ਬਲਰਾਜ ਚੌਹਾਨ ਨੇ ਪੰਜਾਬ ਸਰਕਾਰ ਤੇ ਡਾਕਟਰ ਰਾਜ ਕੁਮਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੀ ਵਾਰ ਕਿਸੇ ਸਾਇਕਲਿਸਟ ਨੂੰ ਏਹ ਸਟੇਟ ਅਵਾਰਡ ਦਿੱਤਾ ਜਿਸ ਦੇ ਯੋਗ ਮੈਨੂੰ ਸਮਝਿਆ ਗਿਆ। ਜਦੋ ਅਜਿਹੇ ਮਾਣ ਸਨਮਾਨ ਮਿਲਦੇ ਹਨ ਤਾਂ ਹੋਰ ਹੌਸਲਾ ਵਧਦਾ ਹੈ। ਆਉਣ ਵਾਲੇ ਸਮੇਂ ਚ ਹੋਰ ਵੱਡੇ ਈਵੈਂਟ 'ਚ ਵੀ ਉਹ ਭਾਗ ਲੈਣਗੇ।


ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਿਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥
ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਸ਼ਹੀਦ ਭਾਈ ਮਤੀ ਦਾਸ ਜੀ, ਸ਼ਹੀਦ ਭਾਈ ਸਤੀ ਰਾਮ ਜੀ,
ਸ਼ਹੀਦ ਭਾਈ ਦਿਆਲਾ ਜੀ, ਲੱਖੀ ਸ਼ਾਹ ਵਣਜਾਰਾ ਤੇ
ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਆਂ
ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸਮੂਹ ਖਾਲਸਾ ਪੰਥ ਦੇ ਸਹਿਯੋਗ ਨਾਲ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਵਿਸ਼ਾਲ ਨਗਰ ਕੀਰਤਨ
ਸਜਾਏ ਜਾ ਰਹੇ ਹਨ। ਨਗਰ ਕੀਰਤਨ ਆਪ ਜੀ ਦੇ ਨਗਰ ਵਿੱਚ ਪਹੁੰਚ ਰਿਹਾ ਹੈ, ਸਮੂਹ ਨਗਰ ਨਿਵਾਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਾਸਤੇ ਇੱਕ ਜਗਾ ਤੇ ਇਕੱਠੇ ਹੋ ਕੇ ਦਰਸ਼ਨ ਦੀਦਾਰੇ ਕਰੀਏ ਅਤੇ ਆਪੋ-ਆਪਣੀਆਂ ਗੱਡੀਆਂ, ਮੋਟਰਸਾਈਕਲਾਂ 'ਤੇ ਸੰਗਤਾਂ ਨੂੰ ਨਾਲ ਲੈ ਕੇ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।
29/08/2025 ਦਿਨ ਸ਼ੁੱਕਰਵਾਰ ਆਰੰਭ:- ਭੂਰਾ ਕੋਹਨਾ, ਭੂਰਾ ਕਰੀਮਪੁਰਾ, ਮਨਾਵਾਂ, ਨੂਰਵਾਲਾ, ਕਾਲੀਆ, ਸਕੱਤਰਾਂ, ਦੂਹਲ, ਕਲੰਜਰ, ਚੀਮਾਂ, ਅਮਰਕੋਟ, ਮਹਿਮੂਦਪੁਰਾ, ਲਾਖਣਾ, ਰਾਜਕੇ, ਵਾਂ ਬਾਬਾ ਤਾਰਾ ਸਿੰਘ, ਮੱਦਰ, ਚੱਕ ਬਾਂਹਬਾ, ਹੁੰਦਲ, ਬਾਸਰਕੇ, ਭੈਣੀ ਮੱਸਾ ਸਿੰਘ, ਅਲਗੋਂ ਖੁਰਦ, ਚੂੰਘ, ਮਾੜੀ ਬੋਹੜ ਵਾਲੀ, ਮਾੜੀ ਗੌੜ ਸਿੰਘ, ਮਾੜੀ ਸਮਰਾ, ਭਿੱਖੀਵਿੰਡ, ਪਹੂਵਿੰਡ ਸਾਹਿਬ (ਮੋ:- 98155-16376)


ਦੇਗ ਤੇਗ ਫ਼ਤਿਹ - ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋਂ ਪਾਵਾ ॥
ਨੌਵੇਂ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ
ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404
ਸੰਪਰਕ ਨੰਬਰ
98141-27470
84278-66404
73408-35137

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ ।

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**




ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mendioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

**To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.**

**--ADVICE--**
**Request to all Sangat to have own travel Insurance individualy!**

**Program is subject to change without Prior Notice.**

## JOURNEY OF A LIFE TIME

# PANJ TAKHAT YATRA

ਆਵਾਜ਼ਿ ਕੌਮ AWAZE QAUM

## 5 TAKHAT YATRA - 10 NIGHTS / 11 DAYS

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**


**FOR MORE INFORMATION PLS. CONTACT**

| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULVINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name: RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਉ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਂਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜ਼ੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULWINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

## ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

RAGHBIR SINGH
(CALL + 44 7458 381111, + 44 7976 210161)

PARAMJIT SHERGILL
+44 7858 198159

INDERJIT KAUR
+44 7883 635835

KULVINDER MANN
+44 7900 982906

121, BROADWAY WEST WALSALL, WEST MIDLANDS, WS1 4DW, ENGLAND UK

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

## ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)

# ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨਿ ਕੋਟਿ ਧੰਨਵਾਦ

# ਸ਼ੁਕਰਾਨੇ ਦੀ ਅਰਦਾਸ

ਸਨਿੱਚਰਵਾਰ 30 ਅਗਸਤ 2025 ਸ਼ਾਮ 3 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣਗੇ। ਉਪਰੰਤ 5 ਵਜੇ ਤੱਕ ਦੀਵਾਨ ਸੱਜਣਗੇ

ਸਰਦਾਰ ਜਤਿੰਦਰ ਸਿੰਘ ਮੰਡ ਦੇ ਘਰ ਪੁੱਤਰ ਕਾਕਾ ਫ਼ਤਹਿ ਫੁਰਮਾਨ ਸਿੰਘ ਦੀ ਦਾਤ ਪ੍ਰਾਪਤ ਹੋਈ। ਸਮੂੰਹ ਮੰਡ ਪਰਿਵਾਰ ਦਾਦਾ ਅਤੇ ਦਾਦੀ ਵੱਲੋਂ ਰਿਸ਼ਤੇਦਾਰ ਸਾਕ ਸਬੰਧੀ ਯਾਰਾਂ ਦੋਸਤਾਂ ਨੂੰ ਬੇਨਤੀ ਹੈ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

--✶ ਗੁਰੂ ਪੰਥ ਦੇ ਸੇਵਾਦਾਰ ✶--

# ਸਮੂਹ ਮੰਡ ਪਰਿਵਾਰ

## ਅਤੇ ਸਾਕ-ਸਬੰਧੀ




### ਕੁਆਲਟੀ ਪ੍ਰੋਗ੍ਰਾਮ ਅਧੀਨ

# ਸ਼ੁੱਭਮ ਸਿੰਗਲਾ ਫਾਰਮੇਸੀ ਅ.ਫਸਰ ਨੂੰ ਮਿਲਿਆ ਬੈਸਟ ਇੰਪਲਾਈ ਅਵਾਰਡ

**ਤਲਵੰਡੀ ਸਾਬੋ, 26 ਅਗਸਤ (ਗੁਰਜੰਟ ਸਿੰਘ ਨਥੇਹਾ)**- ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਪੰਜਾਬ ਵੱਲੋਂ ਮੁਲਾਜਮਾਂ ਦਾ ਮਨੋਬਲ ਵਧਾਉਣ ਲਈ ਕੁਆਲਟੀ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਜਿਸਦੇ ਚਲਦੇ ਸੀਨੀਅਰ ਮੈਡੀਕਲ ਅ.ਫਸਰ ਡਾ. ਰਵੀ ਕਾਂਤ ਗੁਪਤਾ ਵੱਲੋਂ ਸ਼੍ਰੀ ਸ਼ੁਭਮ ਸਿੰਗਲਾ ਫਾਰਮੇਸੀ ਅ.ਫਸਰ ਨੂੰ ਮਹੀਨਾ ਜੁਲਾਈ ਦੇ ਸਿਵਲ ਹਸਪਤਾਲ ਤਲਵੰਡੀ ਸਾਬੋ ਦੇ ਬੈਸਟ ਇੰਪਲਾਈ ਦੇ ਅਵਾਰਡ ਨਾਲ ਨਵਾਜਿਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅ.ਫਸਰ ਨੇ ਦੱਸਿਆ ਕਿ ਕੁਆਲਟੀ ਪ੍ਰੋਗਰਾਮ ਅਧੀਨ ਮਹੀਨਾਵਾਰ ਉੱਤਮ ਕਾਰਗੁਜ਼ਾਰੀ ਵਾਲੇ ਕਰਮਚਾਰੀ ਨੂੰ ਸਨਮਾਨਿਤ ਕਰਨ ਵਾਲੀ ਨੀਤੀ ਨਾਲ ਕਰਮਚਾਰੀਆਂ ਦਾ ਉਤਸ਼ਾਹ ਵੱਧਦਾ ਹੈ ਅਤੇ ਕੰਮ ਕਰਨ ਦੀ ਭਾਵਨਾ ਵਧਦੀ ਹੈ। ਇਸ ਮੌਕੇ ਫਾਰਮੇਸੀ ਅ.ਫਸਰ ਸ਼ੁਭਮ ਸਿੰਗਲਾ ਵੱਲੋਂ ਐਸਐਮਓ ਰਵੀ ਕਾਂਤ ਗੁਪਤਾ ਦਾ ਚੰਗੇ ਮਾਰਗ ਦਰਸ਼ਕ ਬਣਨ ਲਈ ਧੰਨਵਾਦ ਕੀਤਾ ਗਿਆ ਅਤੇ ਸਰਕਾਰ ਦੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਗਈ ਅਤੇ ਕਿਹਾ ਗਿਆ ਕਿ ਸਰਕਾਰ ਦੀ ਇਸ ਨੀਤੀ ਨਾਲ ਮੁਲਾਜ਼ਮਾਂ ਵਿੱਚ ਵੱਧ ਚੱੜ੍ਹ ਕੇ ਕੰਮ ਕਰਨ ਦਾ ਉਤਸ਼ਾਹ ਵਧਦਾ ਹੈ ਅਤੇ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਲਾਮਬੰਦ ਹੁੰਦੇ ਹਨ। ਇਸ ਮੌਕੇ ਡਾ. ਅਮਨਪ੍ਰੀਤ ਸੇਠੀ, ਡਾ. ਸ਼ਿਵਾਲੀ, ਡਾ. ਮਿਨਾਕਸ਼ੀ, ਡਾ. ਤਜਿੰਦਰਪਾਲ ਕੌਰ ਅਤੇ ਸੀਨੀਅਰ ਫਾਰਮੇਸੀ ਅ.ਫਸਰ ਜਸਬੀਰ ਸਿੰਘ ਹਾਜਰ ਸਨ।




ELAHI KIRTAN
ELAHI KIRTAN PRESENTS
ਅਬ ਰਾਖਹੁ
ਦਾਸ ਭਾਟ ਕੀ ਲਾਜ॥
AB RAKHO DAS BHAT KI LAAJ
VOCALIST - BHAI HARPREET SINGH ( SRI AMRITSAR SAHIB WALE )
UK +447448716431 INDIA +918198042308
MUSIC & MIX MASTER - THE REAL TUNE STUDIOS DIGITAL - MJ PROMOTORS
ART WORK-SS.KMEDIAWORKS
ਆਵਾਜ਼ਿ ਕੌਮ
AWAZE QAUM
International Newspaper & WEB TV

### ਭਾਰੀ ਮੀਂਹ ਕਾਰਨ ਹੋਏ

# ਨੁਕਸਾਨ ਦਾ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਲਿਆ ਜਾਇਜ਼ਾ

**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )** - ਪੰਜਾਬ ਵਿਚ ਹੜ੍ਹਾਂ ਅਤੇ ਭਾਰੀ ਮੀਂਹ ਨਾਲ ਹੋਏ ਨੁਕਸਾਨ ਨੂੰ ਦੇਖਦਿਆਂ ਹੋਇਆ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਪ੍ਰਭਾਵਿਤ ਪਰਿਵਾਰਾਂ ਨੂੰ ਪੂਰਾ ਇਨਸਾਫ ਦੇਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਦੇ ਚੇਅਰਮੈਨ ਸ੍ਰ ਦਲਵੀਰ ਸਿੰਘ ਢਿੱਲੋਂ ਨੇ ਅੱਜ ਪਿੰਡ ਫਰਵਾਹੀ,ਰੂੜਗੜ ਅਤੇ ਹੋਰ ਪਿੰਡਾਂ ਦਾ ਦੌਰਾ ਕਰਨ ਦੌਰਾਨ ਕੀਤਾ।ਇਹਨਾਂ ਪਿੰਡਾਂ ਵਿੱਚ ਕੁਝ ਘਰਾਂ ਨੂੰ ਨੁਕਸਾਨ ਹੋਣ ਦੇ ਨਾਲ ਨਾਲ ਪਸ਼ੂਆਂ ਦਾ ਜਾਨੀ ਨੁਕਸਾਨ ਵੀ ਹੋਇਆ ਹੈ।ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਮਿਲ ਕੇ ਹਰ ਸੰਭਵ ਮਦਦ ਦਾ ਭਰੋਸਾ ਦੇਣ ਉਪਰੰਤ ਚੇਅਰਮੈਨ ਢਿੱਲੋਂ ਨੇ ਕਿਹਾ ਕਿ ਸਰਕਾਰ ਵਲੋਂ ਹੜ੍ਹਾਂ ਅਤੇ ਭਾਰੀ ਮੀਂਹ ਨਾਲ ਪ੍ਰਭਾਵਿਤ ਹੋਏ ਇਲਾਕਿਆਂ ਲਈ ਵਿਸ਼ੇਸ਼ ਟੀਮਾਂ ਬਣਾਈਆਂ ਜਾ ਰਹੀਆਂ ਹਨ ਜੋ ਪੀੜਤ ਲੋਕਾਂ ਦੇ ਘਰ-ਘਰ ਜਾ ਕੇ ਨੁਕਸਾਨ ਦੀ ਜਾਂਚ ਕਰਨਗੀਆਂ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਕਿਸਾਨਾਂ ਦੀ ਆਰਥਿਕਤਾ ਤਾਂ ਹਿੱਲ ਹੀ ਗਈ, ਇਸ ਦੇ ਨਾਲ-ਨਾਲ ਮਜ਼ਦੂਰਾਂ ਦੀ ਰੋਜ਼ੀ-ਰੋਟੀ ਪਸ਼ੂਆਂ ਅਤੇ ਕਈ ਪਰਿਵਾਰਾਂ ਦੇ ਘਰ ਵੀ ਹੜ੍ਹਾਂ ਦੇ ਪਾਣੀ ਨਾਲ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਕਰਕੇ ਮੁੱਖ ਮੰਤਰੀ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕੀਤੇ ਗਏ ਹਨ ਕਿ ਹਰ ਇਕ ਕਿਸਾਨ, ਮਜ਼ਦੂਰ ਅਤੇ ਪਰਿਵਾਰ ਦੀ ਹਾਲਤ ਦਾ ਜ਼ਮੀਨੀ ਪੱਧਰ ਤੇ ਮੁਆਇਨਾ ਕਰਕੇ ਬਣਦਾ ਮੁਆਵਜ਼ਾ ਦਿੱਤਾ ਜਾਵੇ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਕਰੇਗੀ ਚਾਹੇ ਉਹ ਆਰਥਿਕ ਮਦਦ ਹੋਵੇ ਘਰਾਂ ਦੀ ਮੁੜ ਤਾਮੀਰ ਹੋਵੇ ਜਾਂ ਹੋਰ ਲੋੜੀਂਦੀਆਂ ਸੁਵਿਧਾਵਾਂ ਦੇ ਦੀ ਲੋੜ ਹੋਵੇ ਪੰਜਾਬ ਸਰਕਾਰ ਵਲੋਂ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕੀਤੀ ਜਾਵੇਗੀ। ਅਖੀਰ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਹਮੇਸ਼ਾਂ ਲੋਕ-ਹਿਤੈਸ਼ੀ ਨੀਤੀਆਂ 'ਤੇ ਕੰਮ ਕਰਦੀ ਹੈ ਅਤੇ ਹੜ੍ਹ-ਪ੍ਰਭਾਵਿਤ ਲੋਕਾਂ ਦੇ ਨਾਲ ਹਰ ਪੱਖੋਂ ਮਜ਼ਬੂਤੀ ਨਾਲ ਖੜੀ ਹੈ।ਸਰਕਾਰ ਦਾ ਉਦੇਸ਼ ਸਿਰਫ਼ ਆਰਥਿਕ ਸਹਾਇਤਾ ਦੇਣਾ ਹੀ ਨਹੀਂ ਸਗੋਂ ਪੀੜਤ ਪਰਿਵਾਰਾਂ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨਵੇਂ ਹੌਸਲੇ ਨਾਲ ਸ਼ੁਰੂ ਕਰ ਸਕਣ। ਇਸ ਮੌਕੇ ਉਹਨਾਂ ਨਾਲ ਨਾਇਬ ਤਹਿਸੀਲਦਾਰ ਸ੍ਰੀ ਵਿਜੇ ਕੁਮਾਰ ਅਹੀਰ, ਸੇਵਾਮੁਕਤ ਪਟਵਾਰੀ ਭਲਿੰਦਰ ਸਿੰਘ ਹਾਜਰ ਸਨ।



**ਪੰਜਾਬ ਸਰਕਾਰ ਵਲੋਂ ਹੜ੍ਹਾਂ ਅਤੇ ਭਾਰੀ ਮੀਂਹ ਨਾਲ ਪ੍ਰਭਾਵਿਤ ਹੋਏ ਇਲਾਕਿਆਂ ਲਈ ਵਿਸ਼ੇਸ਼ ਟੀਮਾਂ ਬਣਾਈਆਂ ਜਾ ਰਹੀਆਂ - ਚੇਅਰਮੈਨ ਢਿੱਲੋਂ**

ਆਵਾਜ਼ਿ ਕੌਮ AWAZE QAUM International Newspaper & WEB TV

### ਘਰਾਂ ਦਾ ਨੁਕਸਾਨ ਪਤਾ ਲੱਗਣ ਉਤੇ ਤੁਰੰਤ ਮੌਕੇ ਉਤੇ

# ਪਿੰਡ ਤੋਲਾਵਾਲ ਪਹੁੰਚਿਆ ਜ਼ਿਲ੍ਹਾ ਪ੍ਰਸ਼ਾਸ਼ਨ



**ਸੁਨਾਮ ( ਰਣਜੀਤ ਸਿੰਘ ਪੇਧਨੀ )**- ਪਿਛਲੇ ਕੁਝ ਦਿਨਾਂ ਤੋਂ ਸੂਬੇ ਭਰ ਵਿੱਚ ਪੈ ਰਹੇ ਭਾਰੀ ਮੀਂਹ ਕਾਰਨ ਕਈ ਲੋਕ ਪ੍ਰਭਾਵਿਤ ਹੋਏ ਹਨ। ਵਿਧਾਨ ਸਭਾ ਹਲਕਾ ਸੁਨਾਮ ਦੇ ਪਿੰਡ ਤੋਲਾਵਾਲ ਵਿੱਚ ਵੀ ਬੀਤੀ ਰਾਤ ਮੀਂਹ ਕਾਰਨ ਕਈ ਘਰਾਂ ਨੂੰ ਭਾਰੀ ਨੁਕਸਾਨ ਹੋਇਆ ਹੈ।ਇਸ ਘਟਨਾ ਦਾ ਪਤਾ ਲੱਗਣ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ ਦੇ ਨਿਰਦੇਸ਼ਾਂ ਉਤੇ ਐੱਸ ਡੀ ਐੱਮ ਸ਼੍ਰੀ ਪ੍ਰਮੋਦ ਸਿੰਗਲਾ ਅਤੇ ਡੀ ਐੱਸ ਪੀ ਸ੍ਰ ਹਰਵਿੰਦਰ ਸਿੰਘ ਖਹਿਰਾ ਦੀ ਅਗਵਾਈ ਵਿੱਚ ਟੀਮਾਂ ਤੁਰੰਤ ਮੌਕੇ ਉਤੇ ਪਹੁੰਚ ਗਈਆਂ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਟੀਮ ਦੇ ਮੈਂਬਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਐੱਸ ਡੀ ਐੱਮ ਸੁਨਾਮ ਸ਼੍ਰੀ ਪ੍ਰਮੋਦ ਸਿੰਗਲਾ ਨੇ ਦੱਸਿਆ ਕਿ ਪਿੰਡ ਤੋਲਾਵਾਲ ਵਿੱਚ 7 ਤੋਂ ਵਧੇਰੇ ਘਰਾਂ ਨੂੰ ਭਾਰੀ ਨੁਕਸਾਨ ਹੋਇਆ ਹੈ।ਮੌਕਾ ਦੇਖ ਕੇ ਨੁਕਸਾਨ ਦਾ ਵੇਰਵਾ ਇਕੱਤਰ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚ ਹੜ੍ਹਾਂ ਅਤੇ ਭਾਰੀ ਮੀਂਹ ਨਾਲ ਹੋਏ ਨੁਕਸਾਨ ਨੂੰ ਦੇਖਦਿਆਂ ਹੋਇਆ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਪ੍ਰਭਾਵਿਤ ਪਰਿਵਾਰਾਂ ਨੂੰ ਪੂਰਾ ਇਨਸਾਫ ਦੇਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਜਾਰੀ ਕੀਤੇ ਗਏ ਹਨ ਕਿ ਹਰ ਇਕ ਕਿਸਾਨ, ਮਜ਼ਦੂਰ ਅਤੇ ਪਰਿਵਾਰ ਦੀ ਹਾਲਤ ਦਾ ਜ਼ਮੀਨੀ ਪੱਧਰ ਤੇ ਮੁਆਇਨਾ ਕਰਕੇ ਬਣਦਾ ਮੁਆਵਜ਼ਾ ਦਿੱਤਾ ਜਾਵੇ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮ ਉੱਤੇ ਪੀੜਤ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ, ਚਾਹੇ ਉਹ ਆਰਥਿਕ ਮਦਦ ਹੋਵੇ, ਘਰਾਂ ਦੀ ਮੁੜ ਤਾਮੀਰ ਹੋਵੇ ਜਾਂ ਹੋਰ ਲੋੜੀਂਦੀਆਂ ਸੁਵਿਧਾਵਾਂ ਦੇ ਦੀ ਲੋੜ ਹੋਵੇ, ਪੰਜਾਬ ਸਰਕਾਰ ਵਲੋਂ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕੀਤੀ ਜਾਵੇਗੀ।

ਇਥੇ ਇਹ ਜ਼ਿਕਰਯੋਗ ਹੈ ਕਿ ਭਾਰੀ ਮੀਂਹ ਕਾਰਨ ਪੈਦਾ ਹੋਏ ਹਾਲਾਤ ਉੱਤੇ ਲਗਾਤਾਰ ਨਜ਼ਰ ਰੱਖਣ ਲਈ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਆਦੇਸ਼ ਉੱਤੇ ਉਹਨਾਂ ਦੀ ਟੀਮ ਦੇ ਮੈਂਬਰ ਅਤੇ ਰਾਹਤ ਟੀਮਾਂ ਪੱਬਾਂ ਭਾਰ ਹਨ। ਇਸ ਮੌਕੇ ਉਹਨਾਂ ਨਾਲ ਐੱਸ ਡੀ ਓ ਡਰੇਨੇਜ਼ ਸ੍ਰ ਪ੍ਰੀਤ ਇੰਦਰ ਸਿੰਘ, ਸ਼੍ਰੀ ਜਤਿੰਦਰ ਜੈਨ ਮੀਡੀਆ ਸਲਾਹਕਾਰ ਅਮਨ ਅਰੋੜਾ ਕੈਬਨਿਟ ਮੰਤਰੀ, ਸ਼੍ਰੀ ਸੰਜੀਵ ਸੰਜੂ ਨਿੱਜੀ ਸਹਾਇਕ, ਸਰਪੰਚ ਗੁਰਦੀਪ ਸਿੰਘ ਦੀਪਾ ਅਤੇ ਹੋਰ ਵੀ ਹਾਜ਼ਰ ਸਨ।



**☛ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ, ਮੁੱਖ ਮੰਤਰੀ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਹੁਕਮ - ਐੱਸ ਡੀ ਐੱਮ ਸੁਨਾਮ ☛ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਆਦੇਸ਼ ਉੱਤੇ ਪੱਬਾਂ ਭਾਰ ਰਾਹਤ ਟੀਮਾਂ**

ਆਵਾਜ਼ਿ ਕੌਮ AWAZE QAUM International Newspaper & WEB TV

## ਨਾਇਬ ਸਿੰਘ ਸੈਣੀ ਸਰਕਾਰ ਵੱਲੋਂ 1984 ਦੇ ਸਿੱਖ ਕਤਲੇਆਮ ਪੀੜਤ 121 ਪਰਿਵਾਰਾਂ ਦੇ ਜੀਆਂ ਨੂੰ ਨੌਕਰੀਆਂ ਦੇਣ ਦੇ ਫੈਸਲੇ ਦਾ ਸਵਾਗਤ: ਦਿੱਲੀ ਗੁਰਦੁਆਰਾ ਕਮੇਟੀ

ਨਵੀਂ ਦਿੱਲੀ, 26 ਅਗਸਤ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣਾ ਦੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਸੂਬੇ ਵਿਚ 1984 ਦੇ ਸਿੱਖ ਕਤਲੇਆਮ ਵੇਲੇ ਸ਼ਹੀਦ ਹੋਏ 121 ਲੋਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਭਾਵੇਂ ਦੇਰ ਨਾਲ ਲਿਆ ਫੈਸਲਾ ਹੈ ਪਰ ਇਹ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਵਾਲਾ ਫੈਸਲਾ ਹੈ।

ਜਾਰੀ ਕੀਤੇ ਇਕ ਬਿਆਨ ਵਿਚ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਮੇਂ ਦੀਆਂ ਕਾਂਗਰਸ ਦੀਆਂ ਕੇਂਦਰ ਸਰਕਾਰਾਂ ਨੇ 1984 ਦੇ ਸਿੱਖ ਕਤਲੇਆਮ ਤੋਂ ਬਾਅਦ 40 ਸਾਲਾਂ ਤੱਕ ਸਿੱਖਾਂ ਨੂੰ ਇਨਸਾਫ ਨਹੀਂ ਮਿਲਣ ਦਿੱਤਾ।ਉਹਨਾਂ ਕਿਹਾ ਕਿ ਇਹ ਸ੍ਰੀ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਵੇਂ ਸਿਰੇ ਤੋਂ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਗਠਿਤ ਕਰਨ ਦੀ ਗੱਲ ਸੀ ਕਿ ਸੱਜਣ ਕੁਮਾਰ ਤੇ ਹੋਰ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਜਾਣਾ ਪਿਆ ਹੈ ਜਦੋਂ ਕਿ ਜਗਦੀਸ਼ ਟਾਈਟਲਰ ਤੇ ਕਮਲਨਾਥ ਵਰਗੇ ਦੋਸ਼ੀਆਂ ਖਿਲਾਫ ਮੁਕੱਦਮੇ ਸੁਣਵਾਈ ਅਧੀਨ ਹਨ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਇਕ ਫੈਸਲੇ ਰਾਹੀਂ ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਨੌਕਰੀਆਂ ਦੇਣ ਦਾ ਫੈਸਲਾ ਲਿਆ ਤੇ ਇਸ ਵਾਸਤੇ ਉਮਰ ਹੱਦ ਤੇ ਹੋਰ ਸ਼ਰਤਾਂ ਵਿਚ ਨਰਮੀ ਦਿੱਤੀ ਹੈ ਤੇ ਹੁਣ ਇਸੇ ਤਰਜ਼ 'ਤੇ ਹਰਿਆਣਾ ਦੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਸੂਬੇ ਵਿਚ ਸ਼ਹੀਦ ਹੋਏ 121 ਸਿੱਖਾਂ ਦੇ ਪਰਿਵਾਰਾਂ ਦੇ ਸਰਕਾਰੀ ਨੌਕਰੀਆਂ ਦੇਣ ਦਾ ਫੈਸਲਾ ਕੀਤਾ ਹੈ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਇਸ ਫੈਸਲੇ ਦਾ ਸਵਾਗਤ ਕਰਦੀ ਹੈ ਤੇ ਨਾਲ ਹੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਦਾ ਧੰਨਵਾਦ ਵੀ ਕਰਦੀ ਹੈ ਜਿਹਨਾਂ ਨੇ ਸੂਬਾ ਸਰਕਾਰ ਨੂੰ ਇਹ ਫੈਸਲਾ ਲੈਣ ਲਈ ਪ੍ਰੇਰਿਆ। ਉਹਨਾਂ ਕਿਹਾ ਕਿ ਬੇਸ਼ੱਕ 40 ਸਾਲ ਤੋਂ ਵੱਧ ਸਮੇਂ ਬਾਅਦ ਇਹ ਫੈਸਲਾ ਆਇਆ ਹੈ ਜਿਸ ਨਾਲ ਗਏ ਜੀਅ ਵਾਪਸ ਤਾਂ ਨਹੀਂ ਪਰਤਣਗੇ ਪਰ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਜ਼ਰੂਰ ਲੱਗੇਗੀ। ਉਹਨਾਂ ਨੇ ਪੀੜਤ ਪਰਿਵਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਮੇਂ ਸਿਰ ਸਰਕਾਰ ਕੋਲ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਉਣ ਤਾਂ ਜੋ ਉਹਨਾਂ ਦੇ ਜੀਆਂ ਨੂੰ ਸਰਕਾਰੀ ਨੌਕਰੀਆਂ ਮਿਲ ਸਕਣ।



ਆਵਾਜ਼ਿ ਕੌਮ AWAZE QAUM International Newspaper & WEB TV

## ਤਰਕਸ਼ੀਲ ਸੁਸਾਇਟੀ ਵੱਲੋਂ ਪੁਸਤਕ," ਬ੍ਰਹਿਮੰਡ ਦੇ ਰਹੱਸਾਂ ਦੀ ਯਾਤਰਾ " ਸਕੂਲ ਲਾਇਬ੍ਰੇਰੀ ਨੂੰ ਭੇਂਟ



**ਧੂਰੀ ( ਰਣਜੀਤ ਸਿੰਘ ਪੇਧਨੀ )**-ਲੋਕ-ਸ਼ੈਲੀ ਦੇ ਮੰਨੇ ਪ੍ਰਮੰਨੇ ਵਿਗਿਆਨੀ ਡਾਕਟਰ ਅਵਤਾਰ ਸਿੰਘ ਢੀਂਡਸਾ ਵੱਲੋਂ ਰਚਿਤ ਪੁਸਤਕ," ਬ੍ਰਹਿਮੰਡ ਦੇ ਰਹੱਸਾਂ ਦੀ ਯਾਤਰਾ " ਵਿੱਦਿਅਕ ਹਲਕਿਆਂ ਅੰਦਰ ਚਰਚਾ ਵਿੱਚ ਹੈ।ਵਿਦਿਆਰਥੀਆਂ ਅਤੇ ਆਮ ਪਾਠਕਾਂ ਲਈ ਸੌਖੀ ਭਾਸ਼ਾ ਵਿੱਚ ਲਿਖੀ ਹੋਈ ਇਸ ਪੁਸਤਕ ਨੂੰ ਤਰਕਸ਼ੀਲ ਸੁਸਾਇਟੀ ਧੂਰੀ ਵੱਲੋਂ ਇਕਾਈ ਦੇ ਜੱਥੇਬੰਦਕ ਮੁਖੀ ਰਾਜਿੰਦਰ ਰਾਜੂ ਦੀ ਅਗਵਾਈ ਵਿੱਚ ਸਕੂਲ ਲਾਇਬ੍ਰੇਰੀਆਂ ਵਿੱਚ ਭੇਜਣ ਦੀ ਲੜੀ ਵਜੋਂ ਅੱਜ ਇਸ ਪੁਸਤਕ ਦੀਆਂ ਕਾਪੀਆਂ ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਅਵਤਾਰ ਸਿੰਘ ਢਢੋਗਲ ਨੂੰ ਭੇਂਟ ਕੀਤੀਆਂ ਗਈਆਂ। ਪ੍ਰਿੰਸੀਪਲ ਅਵਤਾਰ ਸਿੰਘ ਨੇ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਡਾਕਟਰ ਅਵਤਾਰ ਸਿੰਘ ਢੀਂਡਸਾ ਦੁਆਰਾ ਲਿਖੀ ਇਹ ਪੁਸਤਕ ਵਿਦਿਆਰਥੀਆਂ ਲਈ ਬੇਹੱਦ ਲਾਭਦਾਇਕ ਹੋਵੇਗੀ। ਇਸ ਮੌਕੇ ਸੀਨੀਅਰ ਤਰਕਸ਼ੀਲ ਆਗੂ ਸੁਖਦੇਵ ਧੂਰੀ ਅਤੇ ਸਮਾਜ ਸੇਵੀ ਚਰਨਜੀਤ ਸਿੰਘ ਕੈਂਥ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸੰਤ ਆਸਰਮ ਨਰਾਇਣਸਰ ਸੇਖਾ ਜਲੂਰ ਵਿਖੇ ਪਹਿਲਾ ਪ੍ਰਕਾਸ਼ ਦਿਹਾੜਾ ਅੱਜ ਤੋਂ ਸੁਰੂ, ਸੰਤ ਬਾਬਾ ਭਰਭੂਰ ਸਿੰਘ ਸੇਖਾ ਜਲੂਰ

**ਸੇਰਪੁਰ ( ਰਣਜੀਤ ਸਿੰਘ ਪੇਧਨੀ )**-ਸ੍ਰੀਮਾਨ ਸੰਤ ਬਾਬਾ ਨਰਾਇਣ ਸਿੰਘ ਜੀ ਮੋਨੀ ਤਪਾ ਦਰਾਜ ਵਾਲਿਆਂ ਦੇ ਤੱਪ ਅਸਥਾਨ ਗੁਰਦੁਆਰਾ ਸਾਹਿਬ ਸੰਤ ਆਸਰਮ ਨਰਾਇਣਸਰ ਸੇਖਾ ਜਲੂਰ ਵਿਖੇ ਪਹਿਲਾ ਪ੍ਰਕਾਸ਼ ਦਿਹਾੜਾ ਸੰਗਤਾਂ ਦੇ ਸਹਿਯੋਗ ਦੇ ਨਾਲ ਅਤੇ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਭਰਭੂਰ ਸਿੰਘ ਸੇਖਾ ਜਲੂਰ ਵਾਲਿਆਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਸਾਹਿਬ ਸੰਤ ਆਸਰਮ ਨਰਾਇਣਸਰ ਸੇਖਾ ਜਲੂਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਭਰਭੂਰ ਸਿੰਘ ਨੇ ਦੱਸਿਆ ਕਿ ਸੰਪਰਦਾਇ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਰਣਜੀਤ ਸਿੰਘ ਜੀ ਤਪਾ ਦਰਾਜ ਮੁਹਾਲੀ ਵਾਲਿਆਂ ਤੋਂ ਇਲਾਵਾ ਪੰਜਾਬ ਦੇ ਪ੍ਰਸਿੱਧ ਰਾਗੀ ,ਢਾਡੀ, ਸੰਤ ਮਹਾਪੁਰਖ ਸੰਗਤਾਂ ਨੂੰ ਆਪਣੇ ਪਰਬਚਨਾਂ ਨਾਲ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਕਰਨਗੇ। ਇਸ ਮੌਕੇ ਜਥੇਦਾਰ ਮੱਖਣ ਸਿੰਘ, ਭਾਈ ਜਗਸੀਰ ਸਿੰਘ ਜੱਗੀ, ਕਰਮਜੀਤ ਸਿੰਘ ਖੇੜੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਐੱਸ ਡੀ ਐੱਮ ਅਤੇ ਡੀ ਐੱਸ ਪੀ ਵੱਲੋਂ

# ਸੁਨਾਮ ਵਿੱਚੋਂ ਲੰਘਦੀ ਸਰਹਿੰਦ ਚੋਅ ਦੀ ਸਥਿਤੀ ਦਾ ਜਾਇਜ਼ਾ




**ਸੁਨਾਮ ( ਰਣਜੀਤ ਸਿੰਘ ਪੇਧਨੀ )**-ਭਾਰੀ ਮੀਂਹ ਅਤੇ ਬੱਦਲ ਫਟਣ ਦੀਆਂ ਘਟਨਾਵਾਂ ਤੋਂ ਬਾਅਦ ਸੂਬੇ ਦੀਆਂ ਨਦੀਆਂ, ਨਹਿਰਾਂ ਅਤੇ ਨਾਲਿਆਂ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਸੀ, ਜੋ ਕਿ ਹੁਣ ਕਾਬੂ ਹੇਠ ਹੈ। ਪਿਛਲੇ ਦਿਨੀਂ ਸਥਾਨਕ ਸਰਹਿੰਦ ਚੋਅ ਵਿੱਚ ਵੀ ਪਾਣੀ ਦਾ ਪੱਧਰ ਵੱਧ ਗਿਆ ਸੀ ਪਰ ਹੁਣ ਇਹ ਬਹੁਤ ਘੱਟ ਗਿਆ ਹੈ। ਸੁਨਾਮ ਦੇ ਐੱਸ ਡੀ ਐੱਮ ਸ਼੍ਰੀ ਪ੍ਰਮੋਦ ਸਿੰਗਲਾ ਅਤੇ ਡੀ ਐੱਸ ਪੀ ਸ੍ਰ ਹਰਵਿੰਦਰ ਸਿੰਘ ਖਹਿਰਾ ਨੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈਕੇ ਅੱਜ ਇਸ ਚੋਅ ਸਮੇਤ ਹੋਰ ਇਲਾਕਿਆਂ ਦਾ ਦੌਰਾ ਕੀਤਾ।

ਗੱਲਬਾਤ ਕਰਦਿਆਂ ਐੱਸ ਡੀ ਐੱਮ ਸ਼੍ਰੀ ਪ੍ਰਮੋਦ ਸਿੰਗਲਾ ਨੇ ਦੱਸਿਆ ਕਿ ਸੂਬੇ ਦੇ ਜਲ ਸਰੋਤਾਂ ਵਿੱਚ ਬੀਤੇ ਦਿਨੀਂ 300 ਕਿਊਸਕ ਪਾਣੀ ਛੱਡਿਆ ਗਿਆ ਸੀ, ਜਿਸ ਕਰਕੇ ਹੀ ਪਾਣੀ ਦਾ ਪੱਧਰ ਵਧ ਗਿਆ ਸੀ। ਪਰ ਹੁਣ ਪਾਣੀ ਨਹੀਂ ਛੱਡਿਆ ਜਾ ਰਿਹਾ ਹੈ। ਜਿਸ ਕਾਰਨ ਹੁਣ ਪਾਣੀ ਦਾ ਪੱਧਰ ਸੁਨਾਮ ਵਿੱਚੋਂ ਲੰਘਦੀ ਸਰਹਿੰਦ ਚੋਅ ਅਤੇ ਹੋਰ ਨਹਿਰਾਂ ਤੇ ਨਾਲਿਆਂ ਵਿੱਚੋਂ ਲਗਾਤਾਰ ਘਟਣ ਲੱਗਾ ਹੈ। ਅਗਲੇ ਦਿਨਾਂ ਦੌਰਾਨ ਵੀ ਇਸ ਚੋਅ ਵਿੱਚ ਪਾਣੀ ਵਧਣ ਦਾ ਖਦਸ਼ਾ ਨਹੀਂ ਹੈ। ਉਹਨਾਂ ਕਿਹਾ ਕਿ ਪਾਣੀ ਦੇ ਰਸਤੇ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਰੁਕਾਵਟ ਨਹੀਂ ਹੈ। ਮੌਨਸੂਨ ਤੋਂ ਪਹਿਲਾਂ ਸਾਰੀਆਂ ਨਹਿਰਾਂ ਅਤੇ ਨਾਲਿਆਂ ਦੀ ਮੁਕੰਮਲ ਸਫ਼ਾਈ ਆਦਿ ਕਰਵਾਈ ਗਈ ਸੀ। ਉਹਨਾਂ ਕਿਹਾ ਕਿ ਵੈਸੇ ਤਾਂ ਕਿਸੇ ਖਤਰੇ ਦਾ ਖ਼ਦਸ਼ਾ ਨਹੀਂ ਹੈ ਪਰ ਫਿਰ ਵੀ ਪ੍ਰਸ਼ਾਸ਼ਨ ਵੱਲੋਂ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਿਪਟਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਹੋਏ ਹਨ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਵਿੱਚ ਨਾ ਆਉਣ ਅਤੇ ਪ੍ਰਸ਼ਾਸ਼ਨ ਉੱਤੇ ਵਿਸ਼ਵਾਸ਼ ਰੱਖਣ। ਇਸ ਮੌਕੇ ਹਾਜ਼ਰ ਡੀ ਐੱਸ ਪੀ ਸ੍ਰ ਹਰਵਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਕਿਸੇ ਵੀ ਸਥਿਤੀ ਦਾ ਮੁਕਾਬਲਾ ਕਰਨ ਲਈ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਆਪਸੀ ਤਾਲਮੇਲ ਨਾਲ ਕੰਮ ਕਰ ਰਹੇ ਹਨ। ਇਸ ਮੌਕੇ ਐੱਸ ਡੀ ਓ ਡਰੇਨੇਜ਼ ਸ੍ਰ ਪ੍ਰੀਤ ਇੰਦਰ ਸਿੰਘ, ਸ਼੍ਰੀ ਜਤਿੰਦਰ ਜੈਨ ਮੀਡੀਆ ਸਲਾਹਕਾਰ ਅਮਨ ਅਰੋੜਾ ਕੈਬਨਿਟ ਮੰਤਰੀ, ਸ਼੍ਰੀ ਸੰਜੀਵ ਸੰਜੂ ਨਿੱਜੀ ਸਹਾਇਕ, ਸਰਪੰਚ ਮਨਿੰਦਰ ਸਿੰਘ ਲਖਮੀਰਵਾਲਾ ਅਤੇ ਹੋਰ ਵੀ ਹਾਜ਼ਰ ਸਨ।

**ਕਿਸੇ ਵੀ ਸਥਿਤੀ ਦਾ ਮੁਕਾਬਲਾ ਕਰਨ ਲਈ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਆਪਸੀ ਤਾਲਮੇਲ ਨਾਲ ਕੰਮ ਕਰ ਰਹੇ - ਡੀ ਐੱਸ ਪੀ ਸੁਨਾਮ**

### ਸੈਣ ਭਗਤ ਦੇ ਵਾਰਿਸ ਨੌਜਵਾਨ ਪੀੜ੍ਹੀ ਦੇ

# ਉਜਲੇ ਭਵਿੱਖ ਲਈ ਇਕਜੁੱਟਤਾ ਬਹੁਤ ਜ਼ਰੂਰੀ : ਪੇਧਨੀ



**ਲੁਧਿਆਣਾ( ਰਣਜੀਤ ਸਿੰਘ ਪੇਧਨੀ )**-ਲੁਧਿਆਣਾ ਦੇ ਪਿੰਡ ਬੁਲਾਰਾ ਦੇ ਗੁਰਦੁਆਰਾ ਬਾਬਾ ਸੈਣ ਭਗਤ ਸਾਹਿਬ, ਸੈਣ ਸਮਾਜ ਚੈਰੀਟੇਬਲ ਟਰੱਸਟ ਫ਼ਰੀ ਰਿਸ਼ਤੇ ਵੱਲੋਂ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸੈਣ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਡਾ. ਅਮਰੀਕ ਸਿੰਘ ਪੇਧਨੀ ਵਿਸ਼ੇਸ਼ ਤੌਰ ਤੇ ਸਾਮਿਲ ਹੋਏ। ਸਮਾਗਮ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਦੀ ਭਲਾਈ, ਨੌਜਵਾਨ ਪੀੜ੍ਹੀ ਦੇ ਉਜਲੇ ਭਵਿੱਖ ਅਤੇ ਇਕਜੁੱਟਤਾ ਬਹੁਤ ਜਰੂਰੀ ਹੈ। ਆਗੂਆਂ ਨੇ ਕਿਹਾ ਕਿ ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਇਕਤਾ ਤੇ ਭਾਈਚਾਰਕ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਪੜ੍ਹੇ-ਲਿਖੇ ਬੱਚਿਆਂ ਦੇ ਵਿਆਹਾਂ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਅਤੇ ਮੈਰਿਜ ਬਿਊਰੋ ਵੱਲੋਂ ਹੋ ਰਹੀ ਲੁੱਟ ਨੂੰ ਰੋਕਣ ਲਈ ਫ਼ਰੀ ਰਿਸ਼ਤੇ ਸੇਵਾ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਸੈਣ ਸਮਾਜ ਹਮੇਸ਼ਾ ਨੌਜਵਾਨ ਪੀੜ੍ਹੀ ਨੂੰ ਚੰਗੀ ਸਿੱਖਿਆ, ਸਿਹਤਮੰਦ ਖੇਡਾਂ ਅਤੇ ਸਕਾਰਾਤਮਕ ਵਿਚਾਰਾਂ ਵੱਲ ਪ੍ਰੇਰਿਤ ਕਰਨ ਲਈ ਪ੍ਰਤੀਬੱਧ ਹੈ। ਅੰਤ ਵਿੱਚ ਗੁਰਦੁਆਰਾ ਬਾਬਾ ਸੈਣ ਭਗਤ ਕਮੇਟੀ ਵੱਲੋਂ ਡਾ. ਅਮਰੀਕ ਸਿੰਘ ਪੇਧਨੀ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਪ ਪ੍ਰਧਾਨ ਕੁਲਵਿੰਦਰ ਕੁਮਾਰ, ਮੀਤ ਪ੍ਰਧਾਨ ਬੁਟਾ ਸਿੰਘ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਪਾਲ ਸਿੰਘ,ਖਜ਼ਾਨਚੀ ਪਰਮਿੰਦਰ ਸਿੰਘ (ਫਰੀਦਕੋਟ)ਸੋਸ਼ਲ ਮੀਡੀਆ ਇੰਚਾਰਜ - ਹਰਮਿੰਦਰ ਸਿੰਘ,ਸਲਾਹਕਾਰ ਪੁਸ਼ਿਪੰਦਰ ਕੌਰ, ਪ੍ਰੈਸ ਸਕੱਤਰ ਸਤਵਿੰਦਰ ਸਿੰਘ (ਡੋਨੇਕੇ) ਮੈਂਬਰ ਨਿਰਮਲ ਸਿੰਘ,ਮੈਂਬਰ ਗੁਰਵੀਰ ਸਿੰਘ ਹਾਜਰ ਸਨ।




## ਸ਼ਹੀਦ ਭਾਈ ਦਿਲਾਵਰ ਸਿੰਘ ਦੀ ਬਰਸੀ ਮੌਕੇ 31 ਅਗਸਤ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਤੇ ਵਡੀ ਗਿਣਤੀ ਵਿਚ ਹਾਜ਼ਿਰੀ ਭਰ ਕੇ ਉਨ੍ਹਾਂ ਨੂੰ ਭੇਂਟ ਕੀਤੇ ਜਾਣ ਸ਼ਰਧਾ ਦੇ ਫੁੱਲ: ਭਾਈ ਭਿਓਰਾ/ਭਾਈ ਤਾਰਾ

ਨਵੀਂ ਦਿੱਲੀ 26 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਜਦੋ ਜ਼ੁਲਮ ਵੱਧ ਜਾਂਦੇ ਹਨ ਤਦ ਧਰਤੀ ਉਪਰ ਉਨ੍ਹਾਂ ਜ਼ੁਲਮਾਂ ਦਾ ਅੰਤ ਕਰਣ ਲਈ ਰੁਮਾਨੀ ਰੂਹ ਪ੍ਰਕਟ ਹੁੰਦੀ ਹੈ ਜਿਸ ਦਾ ਪ੍ਰਤੱਖ ਪ੍ਰਮਾਣ ਭਾਈ ਦਿਲਾਵਰ ਸਿੰਘ ਜੀ ਸਿੱਖ ਕੌਮ ਦੇ ਇੱਕ ਮਹਾਨ ਯੋਧੇ ਅਤੇ ਸ਼ਹੀਦ ਹਨ, ਜਿਨ੍ਹਾਂ ਨੇ 25 ਸਾਲ ਦੀ ਉਮਰ ਵਿੱਚ, 31 ਅਗਸਤ 1995 ਨੂੰ, ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਸਜਾ ਦੇਣ ਲਈ ਮਨੁੱਖੀ ਬੰਬ ਬਣ ਕੇ ਆਪਣੀ ਜਾਨ ਦੀ ਅਦੁੱਤੀ ਕੁਰਬਾਨੀ ਦਿੱਤੀ। ਬੁੜੈਲ ਜੇਲ੍ਹ ਅੰਦਰ ਬੰਦ ਭਾਈ ਪਰਮਜੀਤ ਸਿੰਘ ਭਿਓਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਨੇ ਕਿਹਾ ਕਿ ਇਹ ਕਾਰਵਾਈ ਚੰਡੀਗੜ੍ਹ ਵਿਖੇ ਪੰਜਾਬ ਸਕੱਤਰੇਤ ਵਿੱਚ ਕੀਤੀ ਗਈ ਸੀ, ਜਿਸ ਨੂੰ ਸਿੱਖ ਇਤਿਹਾਸ ਵਿੱਚ ਜ਼ੁਲਮ ਦੇ ਵਿਰੁੱਧ ਇੱਕ ਵੱਡੀ ਕੁਰਬਾਨੀ ਵਜੋਂ ਯਾਦ ਕੀਤਾ ਜਾਂਦਾ ਹੈ। ਭਾਈ ਦਿਲਾਵਰ ਸਿੰਘ ਜੀ ਦੀ ਸ਼ਹਾਦਤ ਨੂੰ ਸਿੱਖ ਕੌਮ ਵੱਲੋਂ "ਕੌਮੀ ਸ਼ਹੀਦ" ਦੇ ਰੂਪ ਵਿੱਚ ਸਤਿਕਾਰ ਦਿੱਤਾ ਗਿਆ, ਜਿਸ ਦੀ ਘੋਸ਼ਣਾ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਕੀਤੀ ਗਈ ਹੈ ।ਉਨ੍ਹਾਂ ਦੀ ਕੁਰਬਾਨੀ ਸਿੱਖ ਸਿਧਾਂਤਾਂ ਅਤੇ ਜ਼ੁਲਮ ਦੇ ਵਿਰੁੱਧ ਲੜਾਈ ਦੀ ਰੌਸ਼ਨੀ ਵਿੱਚ ਦੇਖੀ ਜਾਂਦੀ ਹੈ। ਭਾਈ ਦਿਲਾਵਰ ਸਿੰਘ ਜੀ ਦੀ ਸ਼ਹਾਦਤ ਸਿੱਖ ਕੌਮ ਲਈ ਸਿਦਕ, ਬਹਾਦਰੀ ਅਤੇ ਅਣਥੱਕ ਸੰਘਰਸ਼ ਦੀ ਮਿਸਾਲ ਹੈ। ਉਨ੍ਹਾਂ ਦੀ ਕੁਰਬਾਨੀ ਸਿੱਖੀ ਦੀ ਸ਼ਾਨ ਅਤੇ ਦਸਤਾਰ ਦੀ ਇੱਜ਼ਤ ਨੂੰ ਉੱਚਾ ਰੱਖਣ ਦਾ ਪ੍ਰਤੀਕ ਹੈ। ਜਾਤ-ਪਾਤ ਦੀਆਂ ਸੀਮਾਵਾਂ ਤੋਂ ਉੱਪਰ ਉੱਠ ਕੇ, ਉਹ ਸਮੁੱਚੀ ਕੌਮ ਦੇ ਨਾਇਕ ਹਨ। ਉਨ੍ਹਾਂ ਦੀ ਸ਼ਹਾਦਤ ਨੂੰ ਸਮਰਪਿਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਰ ਸਾਲ 31 ਅਗਸਤ ਨੂੰ ਸ਼ਹੀਦੀ ਸਮਾਗਮ ਨਾਲ ਯਾਦ ਕੀਤਾ ਜਾਂਦਾ ਹੈ, ਜਿਸ ਵਿੱਚ ਅਖੰਡ ਪਾਠ, ਕੀਰਤਨ ਅਤੇ ਸ਼ਰਧਾਂਜਲੀ ਸਮਾਰੋਹ ਸ਼ਾਮਲ ਹੁੰਦੇ ਹਨ। ਸਾਡੀ ਸਮੂਹ ਪੰਥ ਅਤੇ ਜੱਥੇਬੰਦੀਆਂ ਨੂੰ ਅਪੀਲ ਹੈ ਕਿ ਇਸ ਮੌਕੇ ਭਰਵੀਂ ਗਿਣਤੀ ਅੰਦਰ ਸੰਗਤਾਂ ਨੂੰ ਸਾਥ ਲੈ ਕੇ ਸ਼੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਿਰੀ ਭਰ ਕੇ ਸ਼ਹੀਦ ਸਿੰਘ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣ ।ਇਸਦੇ ਨਾਲ ਹੀ ਦੇਸ਼ ਅਤੇ ਵਿਦੇਸ਼ ਦੀ ਸੰਗਤ ਵੀ ਆਪੋ ਆਪਣੇ ਗੁਰਦੁਆਰਾ ਸਾਹਿਬ ਭਾਈ ਦਿਲਾਵਰ ਸਿੰਘ ਨਮਿਤ ਵਿਸ਼ੇਸ਼ ਪ੍ਰੋਗਰਾਮ ਕਰਵਾ ਕੇ ਉਨ੍ਹਾਂ ਬਾਰੇ ਸਾਡੀ ਨਵੀਂ ਪਨੀਰੀ ਨੂੰ ਦਸਿਆ ਜਾਏ ਜਿਸ ਨਾਲ ਓਹ ਵੀ ਉਨ੍ਹਾਂ ਦੇ ਪੂਰਨਿਆਂ ਤੇ ਚਲਣ ਦੀ ਸਿਖਿਆ ਲੈ ਸਕਣ ।



## ਜ਼ਿਲ੍ਹਾ ਟੂਰਨਾਮੈਂਟ ਵਿੱਚ ਜੋਨ ਤਲਵੰਡੀ ਸਾਬੋ ਦਾ ਖੋ-ਖੋ 'ਤੇ ਦਬਦਬਾ ਬਰਕਰਾਰ, ਸਹਸ ਚੱਠੇਵਾਲਾ ਦੀ ਮਨਵੀਰ ਕੌਰ ਮਨੂੰ ਰਹੀ ਬੈਸਟ ਰਨਰ



**ਤਲਵੰਡੀ ਸਾਬੋ, 26 ਅਗਸਤ (ਗੁਰਜੰਟ ਸਿੰਘ ਨਥੇਹਾ)**-ਜ਼ਿਲ੍ਹਾ ਗਰਮ ਰੁੱਤ ਖੇਡ ਮੁਕਾਬਲਿਆਂ ਵਿੱਚ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਜੋਨ ਤਲਵੰਡੀ ਸਾਬੋ ਦਾ ਪੱਲੜਾ ਭਾਰੀ ਰਿਹਾ। ਖੋ-ਖੋ ਦੇ ਛੇ ਗਰੁੱਪਾਂ ਵਿੱਚੋਂ ਤਿੰਨ ਗਰੁੱਪਾਂ ਵਿੱਚ ਪਹਿਲੀਆਂ ਪੁਜੀਸ਼ਨਾਂ, ਇੱਕ ਗਰੁੱਪ ਵਿੱਚ ਦੂਜੀ, ਇੱਕ ਵਿੱਚ ਤੀਜੀ ਅਤੇ ਇੱਕ ਗਰੁੱਪ ਵਿੱਚ ਚੌਥੀ ਪੁਜੀਸ਼ਨ ਹਾਸਲ ਕੀਤੀ ਹੈ। ਖੋ-ਖੋ ਜੋਨ ਤਲਵੰਡੀ ਸਾਬੋ ਦੇ ਕਨਵੀਨਰ ਗੁਰਜੰਟ ਸਿੰਘ ਡੀਪੀਈ ਚੱਠੇਵਾਲਾ ਨੇ ਦੱਸਿਆ ਕਿ ਜੋਨ ਪ੍ਰਧਾਨ ਅਵਤਾਰ ਸਿੰਘ ਮੁੱਖ ਅਧਿਆਪਕ ਸਹਸ ਲਾਲੇਆਣਾ ਦੀ ਅਗਵਾਈ ਵਿੱਚ ਟੀਮਾਂ ਦੀ ਚੋਣ ਕਰਕੇ ਖਿਡਾਰੀ ਦੀ ਤਿਆਰੀ ਲਈ ਟ੍ਰੇਨਿੰਗ ਕੈਂਪ ਲਗਾਏ ਗਏ ਸਨ, ਜਿਸ ਬਦੌਲਤ ਖਿਡਾਰੀਆਂ ਦਾ ਪ੍ਰਦਰਸ਼ਨ ਵਧੀਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟੀਮਾਂ ਵਿੱਚ ਸਹਸ ਚੱਠੇਵਾਲਾ, ਸਹਸ ਮਲਕਾਣਾ, ਸਸਸਸ ਭਾਗੀਵਾਂਦਰ, ਸਸਸਸ ਮਾਹੀਨੰਗਲ, ਸ਼ਹੀਦ ਭਗਤ ਸਿੰਘ ਸਕੂਲ ਮਲਕਾਣਾ, ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਜੋਗੇਵਾਲਾ ਦੇ ਖਿਡਾਰੀਆਂ ਨੇ ਹਿੱਸਾ ਲਿਆ। ਅੰਡਰ-14 ਸਾਲ ਲੜਕੇ, ਅੰਡਰ-14 ਲੜਕੀਆਂ, ਅੰਡਰ-17 ਸਾਲ ਲੜਕੀਆਂ ਪਹਿਲਾ, ਅੰਡਰ-19 ਸਾਲ ਲੜਕੀਆਂ ਨੇ ਦੂਜਾ, ਅੰਡਰ-17 ਲੜਕਿਆਂ ਨੇ ਤੀਜਾ ਅਤੇ ਅੰਡਰ-19 ਸਾਲ ਲੜਕਿਆਂ ਨੇ ਚੌਥਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚ ਤਲਵੰਡੀ ਸਾਬੋ ਜੋਨ ਦਾ ਨਾਮ ਰੌਸ਼ਨ ਕੀਤਾ। ਜ਼ਿਕਰਯੋਗ ਕਿ ਸਹਸ ਸਕੂਲ ਚੱਠੇਵਾਲਾ ਦੀ ਅੰਡਰ-14 ਸਾਲ ਖਿਡਾਰਨ ਮਨਵੀਰ ਕੌਰ ਮਨੂੰ ਨੇ ਜੋਨ ਖੇਡਾਂ ਤੋਂ ਲੈਕੇ ਜ਼ਿਲ੍ਹਾ ਖੇਡਾਂ ਤੱਕ ਕਿਸੇ ਵੀ ਮੈਚ ਵਿਚ ਦੌੜਦਿਆਂ ਆਪਣੇ ਆਪ ਨੂੰ ਛੂਹਣ ਨਹੀਂ ਲੱਗਣ ਦਿੱਤਾ। ਇੰਨਾਂ ਟੀਮਾਂ ਦੀ ਤਿਆਰੀ ਵਿਚ ਗੁਰਮੇਲ ਸਿੰਘ ਸਸ ਮਾਸਟਰ ਮਲਕਾਣਾ, ਗੁਰਜੰਟ ਸਿੰਘ ਡੀਪੀਈ ਚੱਠੇਵਾਲਾ, ਰਜਿੰਦਰ ਸਿੰਘ ਪੀਟੀਆਈ ਮਾਹੀਨੰਗਲ, ਕਵਿਤਾ ਰਾਣੀ ਪੀਟੀਆਈ ਭਾਗੀਵਾਂਦਰ, ਜਸਵੰਤ ਕੌਰ ਸਕੂਲ ਮੁਖੀ ਸ਼ਹੀਦ ਭਗਤ ਸਿੰਘ ਸਕੂਲ ਮਲਕਾਣਾ, ਹਰਪ੍ਰੀਤ ਸਿੰਘ ਸਕੂਲ ਮੁਖੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਜੋਗੇਵਾਲਾ, ਬੋਘਾ ਸਿੰਘ ਭਾਗੀਵਾਂਦਰ, ਲਵਪ੍ਰੀਤ ਸਿੰਘ ਡੀਪੀਈ ਸ਼ਹੀਦ ਭਗਤ ਸਿੰਘ ਸਕੂਲ ਮਲਕਾਣਾ ਦਾ ਵੱਡਾ ਯੋਗਦਾਨ ਰਿਹਾ। ਜ਼ੋਨਲ ਕੈਂਪ ਕੋਆਰਡੀਨੇਟਰ ਹਰਮੰਦਰ ਸਿੰਘ ਪੀਟੀਆਈ ਲਾਲੇਆਣਾ ਅਤੇ ਜੋਨ ਟੂਰਨਾਮੈਂਟ ਕਮੇਟੀ ਵੱਲੋਂ ਜੇਤੂ ਟੀਮਾਂ ਨੂੰ ਵਧਾਈ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਡਿਪਟੀ ਕਮਿਸ਼ਨਰ ਬਠਿੰਡਾ ਰਾਜੇਸ਼ ਧੀਮਾਨ

# ਤਖਤ ਸ਼੍ਰੀ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ, ਸਰਬਤ ਦੇ ਭਲੇ ਲਈ ਕੀਤੀ ਅਰਦਾਸ





**ਤਲਵੰਡੀ ਸਾਬੋ, 26 ਅਗਸਤ (ਗੁਰਜੰਟ ਸਿੰਘ ਨਥੇਹਾ)**- ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਅੱਜ ਇੱਥੇ ਤਖਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਐਡੀਸ਼ਨਲ ਮੈਨੇਜਰ ਭਾਈ ਗੁਰਦੇਵ ਸਿੰਘ ਅਤੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਜਿਥੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਉਥੇ ਹੀ ਗੁਰੂ ਕੀ ਨਗਰੀ ਤਖਤ ਸ਼੍ਰੀ ਦਮਦਮਾ ਸਾਹਿਬ ਨਾਲ ਜੁੜੀ ਇਤਿਹਾਸਕ ਪ੍ਰਦਰਸ਼ਨੀ ਦੇ ਦਰਸ਼ਨ ਕੀਤੇ। ਇਸ ਮੌਕੇ ਉਨ੍ਹਾਂ ਗੁਰਦੁਆਰਾ ਸਾਹਿਬ ਦੇ ਸਮੁੱਚੇ ਇਤਿਹਾਸ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੂੰ ਐਡੀਸ਼ਨਲ ਮੈਨੇਜਰ ਭਾਈ ਗੁਰਦੇਵ ਸਿੰਘ ਅਤੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਵੱਲੋਂ ਸਿਰੋਪਾਓ ਤੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਦਾ ਮਾਡਲ ਵੀ ਭੇਂਟ ਕੀਤਾ ਗਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਸਿੰਘ ਸਾਹਿਬ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੀ ਰਿਹਾਇਸ਼ ਵਿਖੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਵੀ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

**ਤਖ਼ਤ ਸ਼੍ਰੀ ਦਮਦਮਾ ਸਾਹਿਬ ਦਾ ਮਾਡਲ ਅਤੇ ਸਿਰੋਪਾਓ ਕੀਤਾ ਭੇਂਟ**

### ਸਿੱਖ ਜਥੇਬੰਦੀਆਂ ਨੇ ਮਨਮੱਤ ਰੋਕਣ ਲਈ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੂੰ ਦਿੱਤਾ ਮੰਗ ਪੱਤਰ

# ਸ੍ਰੀ ਅਕਾਲ ਤਖਤ ਸਾਹਿਬ ਇਨ੍ਹਾਂ ਪਾਖੰਡੀਆਂ ਤੇ ਲਗਾਮ ਕੱਸੇ : ਆਗੂ



**ਫ਼ਿਰੋਜ਼ਪੁਰ, 26 ਅਗਸਤ (ਮਨੋਹਰ ਲਾਲ) :—** ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੋਏ ਹੁਕਮਨਾਮਿਆਂ ਨੂੰ ਹੂ—ਬ—ਹੂ ਲਾਗੂ ਕਰਾਉਣ ਲਈ ਫ਼ਿਰੋਜ਼ਪੁਰ ਦੀਆਂ ਸਿੱਖ ਜਥੇਬੰਦੀਆਂ ਆਪਣਾ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ, ਪਰ ਕੁਝ ਮਨਮੱਤੀ ਲੋਕ ਅੱਜ ਵੀ ਗੁਰ ਮਰਿਆਦਾ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਸ ਸਬੰਧੀ ਵਿਚਾਰ ਸਾਂਝੇ ਕਰਦਿਆਂ ਭਾਈ ਜ਼ਸਪਾਲ ਸਿੰਘ ਅਤੇ ਭਾਈ ਲਖਬੀਰ ਸਿੰਘ ਮਹਾਲਮ ਨੇ ਦੱਸਿਆ ਕਿ ਇਸੇ ਹੀ ਸਬੰਧ ਵਿਚ ਫ਼ਿਰੋਜ਼ਪੁਰ ਦੇ ਕੁਝ ਮਨਮੱਤੀ ਲੋਕ ਜ਼ੋ ਬਾਬਾ ਵਡਭਾਗ ਸਿੰਘ ਦੀ ਗੱਦੀ ਲਗਾਉਂਦੇ ਹਨ ਅਤੇ ਹੋਰ ਵੀ ਕਈ ਤਰ੍ਹਾਂ ਦੇ ਪਾਖੰਡ ਕਰਦੇ ਹਨ, ਪਰ ਉਹ ਮਰਿਆਦਾ ਦੇ ਉਲਟ ਜਾ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਕੇ ਆਪਣੇ ਘਰਾਂ ਵਿਚ ਆਖੰਡ ਪਾਠ ਵੀ ਕਰਵਾਉਂਦੇ ਹਨ, ਜ਼ੋ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨਾਲ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪਾਖੰਡੀ ਲੋਕਾਂ ਵਿਰੁੱਧ ਮੋਰਚਾ ਖੋਲਦਿਆਂ ਅੱਜ ਇਲਾਕੇ ਦੀਆਂ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ, ਏਕਨੂਰ ਖਾਲਸਾ ਫੌਜ਼ ਅਤੇ ਹੋਰ ਕਈ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ, ਨੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਮੰਗ ਪੱਤਰ ਦੇ ਕੇ ਪ੍ਰਸ਼ਾਸਨ ਅਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਬੇਅੰਤ ਸਿੰਘ ਨਾਮੀ ਵਿਅਕਤੀ ਵਾਸੀ ਬਾਹਰਵਾਰ ਜ਼ੀਰਾ ਗੇਟ ਦੀਆਂ ਮਨਮੱਤੀ ਕਾਰਵਾਈਆਂ ਤੇ ਪੂਰਨ ਰੋਕ ਲਗਾਈ ਜਾਵੇ। ਆਗੂਆਂ ਨੇ ਅਜਿਹੇ ਲੋਕਾਂ ਨੂੰ ਸਖਤ ਸ਼ਬਦਾਂ ਵਿਚ ਤਾੜਨਾ ਕਰਦਿਆਂ ਕਿਹਾ ਕਿ ਜੇ ਉਹ ਅਜਿਹੇ ਕੰਮਾਂ ਤੋਂ ਬਾਜ ਨਾ ਆਏ ਤਾਂ ਸਿੱਖ ਜਥੇਬੰਦੀਆਂ ਸਖਤ ਐਕਸ਼ਨ ਲੈਣ ਲਈ ਮਜ਼ਬੂਰ ਹੋਣਗੀਆਂ। ਇਸ ਸਮੇਂ ਸਤਿਕਾਰ ਕਮੇਟੀ ਦੇ ਆਗੂ ਭਾਈ ਲਖਬੀਰ ਸਿੰਘ ਮਹਾਲਮ, ਭਗਵਾਨ ਸਿੰਘ, ਸੰਤੋਖ ਸਿੰਘ ਫੈਡਰੇਸ਼ਨ ਮਹਿਤਾ ਵੱਲੋਂ ਭਾਈ ਜ਼ਸਪਾਲ ਸਿੰਘ, ਡਾ: ਗੁਰਮੀਤ ਸਿੰਘ, ਕੁਲਦੀਪ ਸਿੰਘ ਨੰਢਾ, ਜਰਨੈਲ ਸਿੰਘ ਗਾਬੜੀਆ, ਬਲਕਾਰ ਸਿੰਘ, ਹਜ਼ਾਰਾ ਸਿੰਘ, ਜਗਤਾਰ ਸਿੰਘ ਸਮੇਤ ਹੋਰ ਵੀ ਕਈ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਤਖ਼ਤ ਪਟਨਾ ਸਾਹਿਬ 'ਤੇ ਖੁਲਣਗੇ ਐਮਆਰਆਈ, ਸੀਟੀਸਕੈਨ ਸੈਂਟਰ ਅਤੇ ਦੋ ਨਵੇਂ ਸਕੂਲ: ਜਗਜੋਤ ਸਿੰਘ ਸੋਹੀ

ਨਵੀਂ ਦਿੱਲੀ, 26 ਅਗਸਤ (ਮਨਪ੍ਰੀਤ ਸਿੰਘ ਖਾਲਸਾ): ਤਖ਼ਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਸੰਗਤ ਨੂੰ ਤੋਹਫੇ ਵਜੋਂ ਚੀਫ ਖਾਲਸਾ ਦੀਵਾਨ ਵੱਲੋਂ ਐਮ.ਆਰ.ਆਈ., ਸੀ.ਟੀ. ਸਕੈਨ ਸੈਂਟਰ ਵਰਗੀਆਂ ਵੱਡੀਆਂ ਸਹੂਲਤਾਂ ਦੇ ਨਾਲ ਨਾਲ ਦੋ ਨਵੇਂ ਸਕੂਲ ਦਿੱਤੇ ਜਾ ਰਹੇ ਹਨ, ਜਿਸਦਾ ਪਟਨਾ ਦੀ ਸੰਗਤ ਨੂੰ ਕਾਫ਼ੀ ਲਾਭ ਮਿਲੇਗਾ। ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਾਰੇ ਕੰਮ ਤਖ਼ਤ ਸਾਹਿਬ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਵੱਲੋਂ ਨਵਾਂ ਨਿਯੁਕਤ ਕੀਤੇ ਗਏ ਮੈਂਬਰ ਸ. ਗੁਰਵਿੰਦਰ ਸਿੰਘ ਬਾਵਾ ਦੀ ਖ਼ਾਸ ਕੋਸ਼ਿਸ਼ਾਂ ਰਾਹੀਂ ਸੰਭਵ ਹੋ ਰਹੇ ਹਨ। ਇਸ ਤੋਂ ਪਹਿਲਾਂ ਮੁੰਬਈ ਵਿਚ ਵੀ ਸ. ਗੁਰਵਿੰਦਰ ਸਿੰਘ ਬਾਵਾ ਵੱਲੋਂ ਐਮ.ਆਰ.ਆਈ. ਤੇ ਸੀ.ਟੀ. ਸਕੈਨ ਸੈਂਟਰ ਖੁਲਵਾਇਆ ਗਿਆ ਸੀ, ਜਿੱਥੇ ਇਹ ਸਹੂਲਤ ਬਹੁਤ ਘੱਟ ਦਰਾਂ 'ਤੇ ਦਿੱਤੀ ਜਾ ਰਹੀ ਹੈ ਅਤੇ ਹੁਣ ਇਹ ਪਟਨਾ ਦੀ ਸੰਗਤ ਲਈ ਵੀ ਸ਼ੁਰੂ ਕੀਤੀ ਜਾਵੇਗੀ। ਸ. ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਹਾਲ ਹੀ ਵਿੱਚ ਦਿੱਲੀ ਦੇ ਇੱਕ ਪੰਜ ਤਾਰਾ ਹੋਟਲ ਵਿੱਚ ਸ. ਗੁਰਵਿੰਦਰ ਸਿੰਘ ਬਾਵਾ ਵੱਲੋਂ ਚੀਫ ਖਾਲਸਾ ਦੀਵਾਨ ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਦੀ ਇੱਕ ਮੀਟਿੰਗ ਕਰਵਾਈ ਗਈ, ਜਿਸ ਵਿੱਚ ਚੀਫ ਖਾਲਸਾ ਦੀਵਾਨ ਵੱਲੋਂ ਇਹ ਪ੍ਰਸਤਾਵ ਤਖ਼ਤ ਕਮੇਟੀ ਨੂੰ ਦਿੱਤਾ ਗਿਆ, ਜਿਸਨੂੰ ਤਖ਼ਤ ਕਮੇਟੀ ਨੇ ਤੁਰੰਤ ਮਨਜ਼ੂਰੀ ਦੇ ਦਿੱਤੀ। ਪ੍ਰਸਤਾਵ ਵਿੱਚ ਸਾਫ਼ ਕੀਤਾ ਗਿਆ ਹੈ ਕਿ ਕਮੇਟੀ ਵੱਲੋਂ ਥਾਂ ਉਪਲਬਧ ਕਰਵਾਈ ਜਾਵੇਗੀ ਅਤੇ ਮਸ਼ੀਨਰੀ ਤੇ ਹੋਰ ਸਾਮਾਨ ਚੀਫ ਖਾਲਸਾ ਦੀਵਾਨ ਵੱਲੋਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਉੱਤੇ ਲਗਭਗ 20 ਕਰੋੜ ਦੀ ਲਾਗਤ ਆਉਣੀ ਹੈ ਜਿਸਦਾ ਪੂਰਾ ਖਰਚਾ ਚੀਫ ਖਾਲਸਾ ਦੀਵਾਨ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਤੇ ਜਨਰਲ ਸਕੱਤਰ ਇੰਦਰਜੀਤ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਮੁੰਬਈ ਤੋਂ ਜਸਬੀਰ ਸਿੰਘ ਧਾਮ ਵੀ ਮੌਜੂਦ ਰਹੇ। ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ, ਸਚਿਵ ਹਰਬੰਸ ਸਿੰਘ, ਮੈਂਬਰ ਡਾ. ਗੁਰਮੀਤ ਸਿੰਘ, ਮਹਿੰਦਰਪਾਲ ਸਿੰਘ ਢਿੱਲੋਂ, ਰਾਜਾ ਸਿੰਘ, ਹਰਪਾਲ ਸਿੰਘ ਜੋਹਲ, ਗੋਬਿੰਦ ਸਿੰਘ ਲੌਂਗੋਵਾਲ, ਮੀਡੀਆ ਇੰਚਾਰਜ ਸੁਦੀਪ ਸਿੰਘ ਨੇ ਵੀ ਇਸ ਯਤਨ ਲਈ ਸ. ਗੁਰਵਿੰਦਰ ਸਿੰਘ ਬਾਵਾ ਸਹਿਤ ਚੀਫ ਖਾਲਸਾ ਦੀਵਾਨ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।



## ਬਾਬੇ ਕੇ ਫਾਰਮ ਇੰਗਲੈਂਡ ਦੀ ਧਰਤੀ ਤੇ ਬ੍ਰਹਮ ਗਿਆਨੀ ਧੰਨ—ਧੰਨ ਬਾਬਾ ਨੰਦ ਸਿੰਘ ਜੀ ਦੀ 82ਵੀਂ ਬਰਸੀ 9 ਦਿਨਾਂ ਸਮਾਗਮਾਂ ਵਿਚ ਚਾਰ ਸ੍ਰੀ ਆਖੰਡ ਪਾਠ ਸਾਹਿਬ ਦੀਆਂ ਲੜਕੀਆਂ ਵਿਚ 75 ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਏ ਭੋਗ











**ਫ਼ਿਰੋਜ਼ਪੁਰ, 26 ਅਗਸਤ (ਮਨੋਹਰ ਲਾਲ) :—** ਬਾਬੇ ਕੇ ਫਾਰਮ ਸਟਰੇਟ ਫੋਰਡ ਅਵੋਨ ਇੰਗਲੈਂਡ ਦੀ ਧਰਤੀ ਤੇ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦੀ 82ਵੀਂ 9 ਦਿਨਾਂ ਸਮਾਗਮਾਂ ਵਿਚ ਦੇਸ਼—ਵਿਦੇਸ਼ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ, ਉਥੇ ਭਾਰੀ ਗਿਣਤੀ ਵਿਚ ਸੰਤਾਂ ਮਹਾਂਪੁਰਸ਼ਾਂ, ਰਾਗੀ, ਕਥਾਵਾਚਕ ਜਥਿਆਂ ਨੇ ਵੀ ਹਾਜ਼ਰੀ ਲੁਆਈ ਅਤੇ ਸੰਗਤਾਂ ਨੂੰ ਕਥਾ ਕੀਰਤਨ ਕਰਕੇ ਨਿਹਾਲ ਕੀਤਾ। ਇਨ੍ਹਾਂ 9 ਦਿਨਾਂ ਸਮਾਗਮਾਂ ਵਿਚ ਚਾਰ ਸ੍ਰੀ ਆਖੰਡ ਪਾਠ ਸਾਹਿਬ ਜੀ ਦੀਆਂ ਲੜੀਆਂ ਵਿਚ 75 ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਤੇ ਇੰਗਲੈਂਡ ਦੀਆਂ ਸੰਗਤਾਂ ਵੱਲੋਂ ਵਿਸ਼ਾਲ ਨਗਰ ਕੀਰਤਨ ਵੀ ਸਜਾਇਆ ਗਿਆ। ਇਸ ਮੌਕੇ ਤੇ ਸੰਤਾਂ ਮਹਾਂਪੁਰਸ਼ਾਂ ਵਿਚ ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਸੰਤ ਬਾਬਾ ਜਗਜੀਤ ਸਿੰਘ ਲੋਪੋ, ਗਿਆਨੀ ਸੁਖਦੇਵ ਸਿੰਘ ਡੱਲਾ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ, ਗਿਆਨੀ ਸ਼ਰਨਜੀਤ ਸਿੰਘ ਰਾਜਾਸਾਈ ਏਅਰ ਪੋਰਟ ਵਾਲੇ, ਭਾਈ ਮਨਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਬਾਬਾ ਹਰਜਿੰਦਰ ਸਿੰਘ ਮੋਹਾਲੀ, ਭਾਈ ਸਰਬਜੀਤ ਸਿੰਘ ਲਾਡੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਬਲਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਭਗਵਾਨ ਸਿੰਘ ਜ਼ੋਹਲ, ਬਾਬਾ ਧੰਨਾ ਸਿੰਘ ਬੜੂਦੀ ਵਾਲੇ, ਬਾਬਾ ਸ਼ਰਨਜੀਤ ਸਿੰਘ ਨਾਨਕਸਰ ਬੜੂਦੀ ਵਾਲੇ, ਹਜ਼ੂਰੀ ਰਾਗੀ ਸੁਖਵਿੰਦਰ ਸਿੰਘ, ਜੁਝਾਰ ਸਿੰਘ, ਪ੍ਰਿਤਪਾਲ ਸਿੰਘ, ਅਰਜਨ ਸਿੰਘ, ਯੂਵੀ, ਅਮੀਜੋਤ ਸਿੰਘ, ਹਰਪਾਲ ਸਿੰਘ ਲਾਲੀ, ਪ੍ਰਿਤਪਾਲ ਸਿੰਘ, ਢਾਡੀ ਮੁਖਤਿਆਰ ਸਿੰਘ ਜਫਰ, ਨਾਨਕਸਰ ਬਰਮਿਘਮ ਭਾਈ ਕਾ ਸਮਾਧ ਜਥਾ, ਮੁਖਤਿਆਰ ਸਿੰਘ ਜਫਰ ਦੇ ਹੋਣਹਾਰ ਸਪੁੱਤਰ ਅਮਨਦੀਪ ਸਿੰਘ, ਗੁਰਸੇਵਕ ਸਿੰਘ ਮੋਗਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਤਾਂ ਮਹਾਂਪੁਰਸ਼ਾਂ ਤੋਂ ਇਲਾਵਾ ਗੁਣੀ ਗਿਆਨੀ ਪਹੁੰਚੇ। ਇਸ ਮੌਕੇ ਤੇ ਬਾਬੇ ਕੇ ਫਾਰਮ ਦੇ ਪ੍ਰਬੰਧਕਾਂ ਵੱਲੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ, ਰਾਗੀ ਢਾਡੀ ਕਥਾਵਾਚਕ ਜਥਿਆਂ ਨੂੰ ਸਨਮਾਨਿਤ ਕੀਤਾ ਗਿਆ। ਇਨ੍ਹਾਂ 9 ਦਿਨਾਂ ਸਮਾਗਮਾਂ ਵਿਚ ਬਾਬੇ ਕੇ ਫਾਰਮ ਦੇ ਪ੍ਰਬੰਧਕਾਂ ਜਿਨ੍ਹਾਂ ਵਿਚ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ, ਜ਼ਸਵੰਤ ਸਿੰਘ ਸੈਂਭੀ, ਸਵਰਨ ਸਿੰਘ ਸੈਂਭੀ, ਧਰਮ ਸਿੰਘ ਘਟੋੜਾ, ਬਲਕਾਰ ਸਿੰਘ ਵੜੈਚ, ਅਮਰੀਕ ਸਿੰਘ ਮੀਕਾ, ਗੁਰਪ੍ਰੀਤ ਸਿੰਘ ਗੋਪੀ, ਨਗਿੰਦਰ ਸਿੰਘ ਧੰਜਲ, ਰਘਬੀਰ ਸਿੰਘ, ਸੁਖਵਿੰਦਰ ਸਿੰਘ ਸੁਖੀ ਨੇ 9 ਦਿਨਾਂ ਸਮਾਗਮਾਂ ਵਿਚ ਸੰਗਤਾਂ ਦੀ ਦਿਨ—ਰਾਤ ਸੇਵਾ ਕੀਤੀ। ਇਸ ਤੋਂ ਇਲਾਵਾ ਲੰਗਰਾਂ ਵਿਚ ਬੀਬੀ ਨਿੰਦਰ ਕੌਰ, ਬੀਬੀ ਜ਼ਸਬੀਰ ਕੌਰ, ਬੀਬੀ ਨਰੰਜਨ ਕੌਰ, ਬੀਬੀ ਨਗਿੰਦਰ ਕੌਰ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿਚ 9 ਦਿਨਾਂ ਲੰਗਰਾਂ ਵਿਚ ਹਰ ਆਈਟਮ ਅਤੇ ਹਰ ਤਰ੍ਹਾਂ ਦਾ ਲੰਗਰਾਂ ਵਿਚ ਸੇਵਾ ਕੀਤੀ। ਇਸ ਮੌਕੇ ਤੇ ਬਾਬੇ ਕੇ ਫਾਰਮ ਸੰਸਥਾ ਦੇ ਪ੍ਰਬੰਧਕ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਨੇ ਸਮੂਹ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਦਾ ਸਮੂਹ ਦੇਸ਼—ਵਿਦੇਸ਼ ਦੀਆਂ ਸੰਗਤਾਂ ਦਾ ਅਤੇ ਸਮੂਹ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਸਾਡੇ ਸੱਦੇ ਤੇ ਇਨ੍ਹਾਂ ਸਮਾਗਮਾਂ ਵਿਚ ਪਹੁੰਚੇ। ਇਨ੍ਹਾਂ 9 ਦਿਨਾਂ ਸਮਾਗਮਾਂ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

# ਟੀ.ਬੀ ਦੇ 12 ਮਰੀਜਾਂ ਨੂੰ ਵੰਡੀਆਂ ਪੌਸ਼ਿਟਕ ਕਿੱਟਾਂ




ਫ਼ਿਰੋਜ਼ਪੁਰ, 26 ਅਗਸਤ (ਮਨੋਹਰ ਲਾਲ) :— ਸਿਵਲ ਸਰਜਨ ਫਿਰੋਜਪੁਰ ਡਾ: ਰਾਜਵਿੰਦਰ ਕੌਰ ਦੀ ਅਗਵਾਈ ਹੇਠ ਮਿਸ਼ਨ ਨਿਕਸ਼ੇ ਮਿਤਰਾ ਅਧੀਨ ਸਿਵਲ ਹਸਪਤਾਲ ਫਿਰੋਜਪੁਰ ਵਿਖੇ ਡਾ: ਸਤਿੰਦਰ ਕੌਰ ਦੀ ਨਿਗਰਾਨੀ ਹੇਠ ਭਾਰਤ ਵਿਕਾਸ ਪ੍ਰੀਸ਼ਦ ਫਿਰੋਜਪੁਰ ਸ਼ਹਿਰ ਨੇ ਟੀ.ਬੀ. ਕਲੀਨਿਕ, ਸਿਵਲ ਹਸਪਤਾਲ ਫਿਰੋਜਪੁਰ ਵਿਖੇ ਟੀ.ਬੀ. ਦੇ 12 ਮਰੀਜਾਂ ਨੂੰ ਪੌਸ਼ਿਟਕ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸਤੀਸ਼ ਗਰੋਵਰ ਅਤੇ ਮਹਿਲਾ ਵਿੰਗ ਦੇ ਪ੍ਰਧਾਨ ਸ਼੍ਰੀਮਤੀ ਜਨਕ ਚੌਧਰੀ ਅਤੇ ਸ਼੍ਰੀ ਛਵਿੰਦਰ ਮਸ਼ਰਾਲ ਜਨਰਲ ਸ਼ਕੱਤਰ ਨੇ ਦਸਿਆ ਕਿ ਜਿੱਥੇ ਸਿਵਲ ਹਸਪਤਾਲ ਫਿਰੋਜਪੁਰ ਦੇ ਡਾ: ਸਤਿੰਦਰ ਕੌਰ ਅਤੇ ਉਹਨਾਂ ਦੇ ਸਟਾਫ ਵੱਲੋਂ ਟੀ.ਬੀ. ਦੇ ਮਰੀਜਾਂ ਨੂੰ ਵਧੀਆ ਸਿਹਤ ਸਹੂਲਤਾਂ ਅਤੇ ਸਮੇਂ—ਸਮੇਂ ਸਿਰ ਦਵਾਈਆਂ ਅਤੇ ਲੋੜੀਂਦੇ ਟੈਸਟਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆਂ ਕਿ ਟੀ.ਬੀ. ਦੀ ਬਿਮਾਰੀ ਤੋਂ ਬਚਣ ਲਈ ਜਿੱਥੇ ਦਵਾਈਆਂ ਦੀ ਲੋੜ ਹੁੰਦੀ ਹੈ ਉਸ ਦੇ ਨਾਲ ਪੌਸ਼ਿਟਕ ਖੁਰਾਕ ਅਤੇ ਸਾਫ—ਸਫਾਈ ਵੀ ਜਰੂਰੀ ਹੈ। ਨਿਕਸ਼ੇ ਮਿਤਰਾ ਸਕੀਮ ਅਧੀਨ ਅੱਜ ਦੂਸਰੀ ਵਾਰ ਟੀ.ਬੀ. ਦੇ 12 ਮਰੀਜਾਂ ਨੂੰ ਪੌਸ਼ਿਟਕ ਖੁਰਾਕਾਂ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੰਸਥਾ ਦੇ ਮੈਂਬਰ ਸ਼੍ਰੀ ਸ਼ੁਭਾਸ ਚੌਧਰੀ, ਸ਼੍ਰੀ ਸ਼ੁਰੇਸ ਸ਼ਰਮਾ, ਸ਼੍ਰੀ ਕੁਲਭੂਸ਼ਨ ਗੌਤਮ, ਸ਼੍ਰੀ ਬੀ.ਆਰ. ਗੋਇਲ, ਸ਼੍ਰੀ ਤਰਸੇਮ ਗੌਰਵਰ, ਸ਼੍ਰੀਮਤੀ ਅਰੁਣਾ ਭੌਲਾ, ਸ਼੍ਰੀਮਤੀ ਸੁਖਮਿੰਦਰ ਬੇਰੀ, ਸ਼੍ਰੀਮਤੀ ਰੇਣੂ ਧਵਨ, ਸ਼੍ਰੀਮਤੀ ਨਰੇਸ਼ ਗਰੌਵਰ ਅਤੇ ਸ਼੍ਰੀਮਤੀ ਸ਼ਕਤੀ ਚੌਪਰ ਹਾਜਰ ਸਨ। ਇਸ ਪ੍ਰੋਗਰਾਮ ਨੂੰ ਸੁੰਚਾਰੂ ਢੰਗ ਨਾਲ ਚਲਾਉਣ ਲਈ ਟੀ.ਬੀ. ਵਿਭਾਗ ਸਿਵਲ ਹਸਪਤਾਲ ਫਿਰੋਜਪੁਰ ਵੱਲੋਂ ਡਾ: ਅਰਜੁਨ ਸ਼ਰਮਾ, ਰਾਜ ਕੁਮਾਰ ਫਾਰਮੇਸੀ ਅਫਸਰ, ਰਾਜਦੀਪ ਸਿੰਘ ਟੀ.ਬੀ.ਐਚ.ਵੀ, ਰਿੱਕੂ ਕੰਬੋਜ ਡੀਲਿੰਗ ਸਹਾਇਕ, ਕਮਲਜੀਤ ਸਿੰਘ ਐਸ.ਟੀ.ਐਸ, ਹਰਮਿੰਦਰਪਾਲ ਸਿੰਘ ਟੀ.ਬੀ.ਐਚ.ਵੀ, ਸ਼੍ਰੀਮਤੀ ਵੀਰਪਾਲ ਕੌਰ ਸਟਾਫ ਨਰਸ, ਸ਼੍ਰੀਮਤੀ ਬੰਦਨਾ ਸਟਾਫ ਨਰਸ, ਸ਼੍ਰੀਮਤੀ ਬਲਬੀਰ ਕੌਰ ਵਾਰਡ ਸਰਵੰਟ ਅਤੇ ਸ਼੍ਰੀ ਵਿਕਾਸ ਵਾਰਡ ਸਰਵੰਟ ਨੇ ਇਸ ਮੌਕੇ ਵਿਸ਼ੇਸ਼ ਯੋਗਦਾਨ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV

### ਮਹਾਰਾਸ਼ਟਰ ਸਰਕਾਰ ਦੀ ਸਿੱਖਾਂ ਪ੍ਰਤੀ ਦੋ ਹੋਰ ਅਹਿਮ ਪ੍ਰਾਪਤੀਆਂ

# ਨਾਂਦੇੜ-ਮੁੰਬਈ ਵੰਦੇ ਭਾਰਤ ਰੇਲ ਸੇਵਾ ਅਤੇ ਬੰਜਾਰਾ-ਲਬਾਣਾ-ਸਿਕਲੀਗਰ ਸਿੱਖ ਸਮਾਜ ਲਈ ਦਸਤਾਵੇਜ਼ੀ ਸੁਧਾਰਾਂ ਨੂੰ ਕੈਬਨਿਟ ਮਨਜ਼ੂਰੀ ਸਿੱਖ ਕੌਮ ਲਈ ਇਤਿਹਾਸਕ ਦਿਨ : ਭਾਈ ਜਸਪਾਲ ਸਿੰਘ ਸਿੱਧੂ







**ਮੁੰਬਈ/ਅੰਮ੍ਰਿਤਸਰ, 26 ਅਗਸਤ (ਆਵਾਜ਼ਿ ਕੌਮ ਬਿਊਰੋ)**—ਮਹਾਰਾਸ਼ਟਰ ਸਿੱਖ ਸਮਾਜ ਦੀ 11-ਮੈਂਬਰੀ ਤਾਲਮੇਲ ਕਮੇਟੀ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਵੱਲੋਂ ਨਾਂਦੇੜ-ਮੁੰਬਈ ਵੰਦੇ ਭਾਰਤ ਰੇਲਗੱਡੀ ਨੂੰ ਹਰੀ ਝੰਡੀ ਦਿਖਾਉਣ ਤੋਂ ਇਲਾਵਾ, ਸਿੱਖ ਸਮਾਜ ਦੇ ਅਟੁੱਟ ਅੰਗ ਬੰਜਾਰਾ, ਲਬਾਣਾ ਅਤੇ ਸਿਕਲੀਗਰ ਭਾਈਚਾਰਿਆਂ ਸਬੰਧੀ ਭਟਕੇ ਵਿਮੁਕਤ ਜਾਤੀ ਦੇ ਤਹਿਤ ਲੰਮੇ ਸਮੇਂ ਤੋਂ ਲਟਕ ਰਹੇ ਦਸਤਾਵੇਜ਼ੀ ਸੁਧਾਰਾਂ ਨੂੰ ਕੈਬਨਿਟ ਵੱਲੋਂ ਮਨਜ਼ੂਰੀ ਮਿਲਣ ਨਾਲ ਅੱਜ ਦਾ ਦਿਨ ਸਿੱਖ ਕੌਮ ਲਈ ਇਤਿਹਾਸਕ ਬਣ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਸਿਰਫ਼ ਵਿਕਾਸ ਦਾ ਨਹੀਂ, ਸਗੋਂ ਬਰਾਬਰੀ ਅਤੇ ਨਿਆਂ ਵੱਲ ਵੱਡਾ ਕਦਮ ਹੈ। ਇਸ ਲਈ ਮੁੱਖ ਮੰਤਰੀ ਫੜਨਵੀਸ ਅਤੇ ਮਹਾਰਾਸ਼ਟਰ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ।

ਭਾਈ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਆਗੂ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੇ ਮਾਰਗ ਦਰਸ਼ਨ ਅਤੇ ਯੋਗਦਾਨ ਨਾਲ ਅਤੇ ਖ਼ਾਸ ਤੌਰ ‘ਤੇ ਮੁੱਖ ਮੰਤਰੀ ਫੜਨਵੀਸ ਜੀ ਦੇ ਦ੍ਰਿੜ੍ਹ ਸੰਕਲਪ ਨਾਲ ਇਹ ਇਤਿਹਾਸਕ ਪਲ ਸੰਭਵ ਹੋ ਸਕਿਆ ਹੈ।

ਉਨ੍ਹਾਂ ਦੱਸਿਆ ਕਿ ਸਾਡੇ ਵੱਲੋਂ ਮੁੱਖ ਮੰਤਰੀ ਤੋਂ ਕੀਤੀਆਂ ਗਈਆਂ ਮੰਗਾਂ ਮੁੰਬਈ ਤੋਂ ਨਾਂਦੇੜ ਸਾਹਿਬ ਲਈ ਵੰਦੇ ਭਾਰਤ ਰੇਲ ਸੇਵਾ ਅਤੇ ਬੰਜਾਰਾ, ਲਬਾਣਾ ਅਤੇ ਸਿਕਲੀਗਰ ਸਿੱਖ ਸਮਾਜ ਪ੍ਰਤੀ ਦਸਤਾਵੇਜ਼ੀ ਸੁਧਾਰ ਅੱਜ ਪੂਰੇ ਹੋ ਗਏ ਹਨ। ਕੈਬਨਿਟ ਦੇ ਇਸ ਫ਼ੈਸਲੇ ਨਾਲ ਸਿੱਖ ਬੰਜਾਰਾ, ਲਬਾਣਾ ਅਤੇ ਸਿਕਲੀਗਰ ਸਮਾਜ ਲਈ ਜਾਤੀ/ਦਸਤਾਵੇਜ਼ੀ ਪ੍ਰਮਾਣ ਪੱਤਰ ਸਬੰਧੀ ਲੰਮੇ ਸਮੇਂ ਤੋਂ ਲਟਕ ਰਹੇ ਸੁਧਾਰਾਂ ਨੂੰ ਮਨਜ਼ੂਰੀ ਮਿਲੀ ਹੈ। ਇਸ ਨਾਲ ਉਨ੍ਹਾਂ ਲਈ ਸਿੱਖਿਆ, ਰਿਹਾਇਸ਼, ਰੁਜ਼ਗਾਰ ਅਤੇ ਭਲਾਈ ਸਮੇਤ ਕਈ ਸਰਕਾਰੀ ਯੋਜਨਾਵਾਂ ਤੱਕ ਪਹੁੰਚ ਆਸਾਨ ਹੋਵੇਗੀ। ਨਾਂਦੇੜ-ਮੁੰਬਈ ਵੰਦੇ ਭਾਰਤ ਰੇਲ ਦੀ ਸ਼ੁਰੂਆਤ ’ਤੇ ਭਾਈ ਸਿੱਧੂ ਨੇ ਕਿਹਾ ਕਿ 29 ਸਤੰਬਰ 2024 ਨੂੰ ਵਾਸ਼ੀ ਸੀਡਕੋ ਸਮਾਗਮ ਦੌਰਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਮੁੰਬਈ ਤੋਂ ਸੱਚਖੰਡ ਤਖ਼ਤ ਸ੍ਰੀ ਨਾਂਦੇੜ ਸਾਹਿਬ ਲਈ ਵੰਦੇ ਭਾਰਤ ਰੇਲਗੱਡੀ ਚਲਾਉਣ ਦੀ ਮੰਗ ਕੀਤੀ ਗਈ ਸੀ, ਜਿਸ ਦੀ ਤਸਦੀਕ 11 ਅਕਤੂਬਰ 2024 ਨੂੰ ਰੇਲ ਮੰਤਰੀ ਨੂੰ ਭੇਜੇ ਗਏ ਪੱਤਰ ਰਾਹੀਂ ਕੀਤੀ ਗਈ ਸੀ। ਉਹ ਮੰਗ ਅੱਜ ਹਕੀਕਤ ਬਣੀ ਹੈ। ਇਸ ਰੇਲ ਸੇਵਾ ਨਾਲ ਨਾ ਸਿਰਫ਼ ਯਾਤਰਾ ਤੇਜ਼, ਆਰਾਮਦਾਇਕ ਅਤੇ ਸੁਰੱਖਿਅਤ ਹੋਵੇਗੀ, ਸਗੋਂ ਲੱਖਾਂ ਸ਼ਰਧਾਲੂਆਂ ਦਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਲ ਆਤਮਿਕ, ਸਭਿਆਚਾਰਕ ਅਤੇ ਆਰਥਿਕ ਨਾਤਾ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਫੜਨਵੀਸ ਨੇ ਮੁੰਬਈ ਦੇ ਰਾਜ ਸਕੱਤਰੇਤ ਤੋਂ ਵੀਡੀਓ ਕਾਨਫ਼ਰੰਸ ਰਾਹੀਂ ਇਸ ਰੇਲ ਨੂੰ ਹਰੀ ਝੰਡੀ ਦਿਖਾਈ, ਜਦੋਂਕਿ ਨਾਂਦੇੜ ਰੇਲਵੇ ਸਟੇਸ਼ਨ ‘ਤੇ ਰਸਮੀ ਸਮਾਰੋਹ ਆਯੋਜਿਤ ਹੋਇਆ। ਨਾਂਦੇੜ-ਮੁੰਬਈ ਵਿਚਕਾਰ ਯਾਤਰਾ ਸਮਾਂ ਹੋਰ ਰੇਲਗੱਡੀਆਂ ਦੇ ਮੁਕਾਬਲੇ ਲਗਭਗ 2 ਘੰਟੇ ਘੱਟ ਹੋਵੇਗਾ। ਪਹਿਲੀ ਵਿਸ਼ੇਸ਼ ਰਵਾਨਗੀ ਸਮੇਂ ਫੁੱਲਾਂ ਨਾਲ ਸਜਾਈ ਗਈ ਇਹ ਰੇਲਗੱਡੀ ਸਵੇਰੇ 11:20 ਵਜੇ ਹਜ਼ੂਰ ਸਾਹਿਬ ਨਾਂਦੇੜ ਤੋਂ ਚੱਲੀ, ਜੋ ਰਾਤ 9:55 ਵਜੇ ਮੁੰਬਈ ਪਹੁੰਚੇਗੀ।

# ਸ਼੍ਰੋਮਣੀ ਅਕਾਲੀ ਦਲ ਦੇ ਜਿਲਾ ਜੱਥੇਦਾਰ ਅਤੇ ਸਰਕਲ ਪ੍ਰਧਾਨਾਂ ਦੀ ਚੋਣ ਕਰਾਉਣ ਲਈ ਜ਼ਿਲ੍ਹਾ ਅਬਜਰਵਰ ਨਿਯੁਕਤ

## 20 ਸਤੰਬਰ ਤੱਕ ਸਰਕਲ ਪ੍ਰਧਾਨਾਂ ਅਤੇ ਜਿਲ੍ਹਾ ਜੱਥੇਦਾਰ ਦੀ ਚੋਣ ਹੋਵੇਗੀ ਮੁਕੰਮਲ – ਗਿਆਨੀ ਹਰਪ੍ਰੀਤ ਸਿੰਘ



**ਚੰਡੀਗੜ੍ਹ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਪਾਰਟੀ ਦੇ ਮੁੱਢਲੇ ਜੱਥੇਬੰਦਕ ਢਾਂਚੇ ਨੂੰ ਮਜ਼ਬੂਤ ਅਤੇ ਪੁਨਰ ਗਠਿਨ ਕਰਨ ਲਈ ਜ਼ਿਲ੍ਹਾ ਅਬਜਰਵਰਾਂ ਦੀ ਨਿਯੁਕਤੀ ਕੀਤੀ ਗਈ ਹੈ। ਪਾਰਟੀ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਮੀਡੀਆ ਨੂੰ ਜਾਰੀ ਆਪਣੇ ਬਿਆਨ ਵਿੱਚ ਜਾਣਕਾਰੀ ਸਾਂਝਾ ਕਰਦਿਆਂ ਕਿਹਾ ਗਿਆ ਹੈ ਕਿ ਹਰ ਜ਼ਿਲ੍ਹੇ ਲਈ ਆਬਜ਼ਰਵਰ ਨਿਯੁਕਤ ਕਰ ਦਿੱਤੇ ਗਏ ਹਨ, ਅਤੇ ਸਾਰੇ ਹੀ ਆਬਜ਼ਰਵਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਓਹ ਪੂਰਨ ਲੋਕਤੰਤਰਿਕ ਤਰੀਕੇ ਅਤੇ ਵਿਧੀ ਵਿਧਾਨ ਜਰੀਏ ਪਹਿਲਾਂ ਤੋਂ ਚੱਲ ਰਹੇ ਸਰਕਲ ਮੁਤਾਬਕ ਸਰਕਲ ਪ੍ਰਧਾਨਾਂ ਦੀ ਚੋਣ ਕਰਵਾਉਣ। ਸਰਕਲ ਪ੍ਰਧਾਨਾਂ ਦੀ ਚੋਣ ਮੁਕੰਮਲ ਹੋਣ ਉਪਰੰਤ ਸਰਕਲ ਪ੍ਰਧਾਨ ਅਤੇ ਜ਼ਿਲ੍ਹਾ ਡੈਲੀਗੇਟਸ ਦੀ ਸਾਂਝੀ ਮੀਟਿੰਗ ਬੁਲਾਕੇ ਜ਼ਿਲਾ ਜੱਥੇਦਾਰ ਦੀ ਚੋਣ ਦਾ ਕਾਰਜ ਮੁਕੰਮਲ ਕਰਨਗੇ। ਪਾਰਟੀ ਦਫਤਰ ਤੋਂ ਜਾਰੀ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਜਿਲ੍ਹਿਆਂ ਲਈ ਲਗਾਏ ਆਬਜ਼ਰਵਰਾਂ ਨੂੰ ਖਾਸ ਹਦਾਇਤ ਜਾਰੀ ਕੀਤੀ ਗਈ ਹੈ ਕਿ ਓਹ ਸਾਰੇ ਹੀ ਜ਼ਿਲਾ ਅਤੇ ਸਟੇਟ ਡੈਲੀਗੇਟ ਦੀ ਮੱਦਦ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਟੀਮਾਂ ਬਣਾ ਕੇ ਰਾਹਤ ਕਾਰਜਾਂ ਵਿੱਚ ਜੁਟ ਜਾਣ। ਇਸ ਤੋਂ ਇਲਾਵਾ ਹੜ ਪ੍ਰਭਾਵਿਤ ਇਲਾਕਿਆਂ ਦੀ ਰਿਪੋਰਟ ਦਫਤਰ ਪਾਰਟੀ ਪ੍ਰਧਾਨ ਨੂੰ ਜ਼ਰੂਰ ਪਹੁੰਚਾਈ ਜਾਵੇ ਤਾਂ ਜੋ ਪਾਰਟੀ ਵੱਲੋਂ ਰਾਹਤ ਕਾਰਜਾਂ ਲਈ ਜੋ ਵੀ ਸਹਿਯੋਗ ਕੀਤਾ ਜਾ ਸਕਿਆ ਉਹ ਕਰਾਂਗੇ। ਵੱਖ ਵੱਖ ਜ਼ਿਲਿਆਂ ਲਈ ਲਗਾਏ ਗਏ ਆਬਜ਼ਰਵਰਾਂ ਦੀ ਸੂਚੀ ਇਸ ਪ੍ਰਕਾਰ ਹੈ ਜਿਲਾ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਖੇ ਜੱਥੇਦਾਰ ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਸਰਦਾਰ ਤੇਜਿੰਦਰ ਸਿੰਘ ਪੰਨੂ, ਜਿਲਾ ਤਰਨਤਾਰਨ ਲਈ ਬੀਬੀ ਜਗੀਰ ਕੌਰ, ਜਥੇ: ਜਸਬੀਰ ਸਿੰਘ ਘੁੰਮਣ, ਬੀਬੀ ਜਸਮੀਤ ਕੌਰ ਛੀਨਾਂ, ਜਿਲਾ ਗੁਰਦਾਸਪੁਰ ਲਈ ਸਰਦਾਰ ਅਦੇਸ ਪ੍ਰਤਾਪ ਸਿੰਘ ਕੈਰੋਂ, ਸਰਦਾਰ ਅਜੈਪਾਲ ਸਿੰਘ ਮੀਰਾਂਕੋਟ, ਜਥੇ: ਹਰਬੰਸ ਸਿੰਘ ਮੰਝਪੁਰ, ਸਰਦਾਰ ਦਲਵਿੰਦਰਜੀਤ ਸਿੰਘ ਵਿਰਕ, ਜਿਲਾ ਪਠਾਨਕੋਟ ਲਈ ਜੱਥੇਦਾਰ ਅਮਰੀਕ ਸਿੰਘ ਸ਼ਾਹਪੁਰ, ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਸਰਦਾਰ ਬਲਵਿੰਦਰ ਸਿੰਘ ਜੌੜਾ ਸਿੰਘਾ, ਜਿਲਾ ਜਲੰਧਰ ਲਈ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਸਰਦਾਰ ਰਣਜੀਤ ਸਿੰਘ ਛੱਜਲਵੱਡੀ, ਸਰਦਾਰ ਸਤਵਿੰਦਰਪਾਲ ਸਿੰਘ ਰਮਦਾਸਪੁਰ, ਜਿਲਾ ਹੁਸ਼ਿਆਰਪੁਰ ਲਈ ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਬੀਬੀ ਹਰਜੀਤ ਕੌਰ ਤਲਵੰਡੀ, ਜਿਲਾ ਨਵਾਂਸਹਿਰ ਲਈ ਸਰਦਾਰ ਸਰਵਨ ਸਿੰਘ ਫਿਲੌਰ, ਸਰਦਾਰ ਅਜੇਪਾਲ ਸਿੰਘ ਬਰਾੜ, ਸਰਦਾਰ ਅਵਤਾਰ ਸਿੰਘ ਜੌਹਲ, ਜਿਲਾ ਕਪੂਰਥਲਾ ਲਈ ਬੀਬੀ ਕਿਰਨਜੋਤ ਕੌਰ, ਸਰਦਾਰ ਅਵਤਾਰ ਸਿੰਘ ਕਲੇਰ, ਬੀਬੀ ਰੁਪਿੰਦਰ ਕੌਰ ਬ੍ਰਹਮਪੁਰਾ, ਸਮੂਚੇ ਜਿਲਾ ਲੁਧਿਆਣਾ ਦੇ ਲਈ ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਬਜਰਵਰ ਹੋਣਗੇ ਉਹਨਾਂ ਨਾਲ ਲੁਧਿਆਣਾ ਸ਼ਹਿਰ ਲਈ ਬਾਬੂ ਪ੍ਰਕਾਸ਼ ਚੰਦ ਗਰਗ, ਸਰਦਾਰ ਹਰੀ ਸਿੰਘ ਪ੍ਰੀਤ ਟਰੈਕਟਰ, ਸਰਦਾਰ ਕਰਨ ਸਿੰਘ ਡੀਟੀਓ, ਪੁਲਿਸ ਜਿਲਾ ਜਗਰਾਂਉ ਲਈ ਸਰਦਾਰ ਬਰਜਿੰਦਰ ਸਿੰਘ ਬਰਾੜ, ਸਰਦਾਰ ਬਲਦੇਵ ਸਿੰਘ ਮਾਣੂਕੇ, ਬੀਬੀ ਸੁਰਿੰਦਰ ਕੌਰ ਦਿਆਲ, ਪੁਲਿਸ ਜਿਲਾ ਖੰਨਾ ਲਈ ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਜੱਥੇਦਾਰ ਭਰਪੂਰ ਸਿੰਘ ਧਾਂਦਰਾ, ਅਮਰਿੰਦਰ ਸਿੰਘ ਲਿਬੜਾ, ਜਿਲਾ ਮੋਗਾ ਲਈ ਦਰਸ਼ਨ ਸਿੰਘ ਸ਼ਿਵਾਲਿਕ, ਜਥੇ: ਕਰਨੈਲ ਸਿੰਘ ਪੰਜੋਲੀ, ਜਥੇ: ਕਰਨੈਲ ਸਿੰਘ ਪੀਰ ਮੁਹੰਮਦ, ਜਿਲਾ ਫਿਰੋਜਪੁਰ ਲਈ ਸਰਦਾਰ ਅਮਰਜੀਤ ਸਿੰਘ ਲੰਡੇਕੇ, ਜਗਤਾਰ ਸਿੰਘ ਰਾਜੇਆਣਾ, ਗਗਨਦੀਪ ਸਿੰਘ ਅਰਾਈਆਂਵਾਲਾ, ਜਿਲਾ ਫਾਜਿਲਕਾ ਲਈ ਡਾ: ਮੁਖ਼ਿਤਆਰ ਸਿੰਘ, ਜੱਥੇਦਾਰ ਕਰਨੈਲ ਸਿੰਘ ਭਾਵੜਾ, ਸਰਦਾਰ ਬਲਦੇਵ ਸਿੰਘ ਮਾਮੂਜੋਈਆਂ, ਜਿਲਾ ਫਰੀਦਕੋਟ ਲਈ ਸਰਦਾਰ ਸੁਖਵਿੰਦਰ ਸਿੰਘ ਔਲਖ, ਜਥੇ: ਮਨਜੀਤ ਸਿੰਘ ਬੱਪੀਆਣਾਂ, ਦਵਿੰਦਰ ਸਿੰਘ ਸੇਖੋਂ, ਜਿਲਾ ਸ੍ਰੀ ਮੁਕਤਸਰ ਸਾਹਿਬ ਲਈ ਸਰਬਜੀਤ ਸਿੰਘ ਡੂੰਮਵਾਲੀ, ਜਥੇ: ਚਰਨ ਸਿੰਘ ਕੰਧਵਾਲਾ, ਸਰਦਾਰ ਕੁਲਬੀਰ ਸਿੰਘ ਮੱਤਾ, ਜਿਲਾ ਬਠਿੰਡਾ ਲਈ ਸਰਦਾਰ ਪ੍ਰਮਿੰਦਰ ਸਿੰਘ ਢੀਂਡਸਾ, ਸਰਦਾਰ ਰਣਜੀਤ ਸਿੰਘ ਔਲਖ, ਸਰਦਾਰ ਅਮਨਇੰਦਰ ਸਿੰਘ ਬਰਾੜ, ਸਰਦਾਰ ਮਨਪ੍ਰੀਤ ਸਿੰਘ ਭੋਲੂਵਾਲਾ, ਜਿਲਾ ਮਾਨਸਾ ਲਈ ਸਰਦਾਰ ਗਗਨਜੀਤ ਸਿੰਘ ਬਰਨਾਲਾ, ਜਥੇ: ਰਾਮਪਾਲ ਸਿੰਘ ਬਹਿਣੀਵਾਲ, ਜਥੇ: ਮਲਕੀਤ ਸਿੰਘ ਚੰਗਾਲ, ਜਿਲਾ ਬਰਨਾਲਾ ਲਈ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਰਦਾਰ ਗੁਰਬਚਨ ਸਿੰਘ ਬਚੀ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਜਿਲਾ ਸੰਗਰੂਰ ਲਈ ਸਰਦਾਰ ਸੁਰਜੀਤ ਸਿੰਘ ਰੱਖੜਾ, ਸਰਦਾਰ ਸੁਖਵਿੰਦਰ ਸਿੰਘ ਰਾਜਲਾ, ਜਥੇ: ਹਰਿੰਦਰਪਾਲ ਸਿੰਘ ਟੌਹੜਾ, ਤਰਨਜੀਤ ਸਿੰਘ ਦੁੱਗਲ, ਜਿਲਾ ਮਲੇਰਕੋਟਲਾ ਲਈ ਸਰਦਾਰ ਤੇਜਿੰਦਰਪਾਲ ਸਿੰਘ ਸੰਧੂ, ਜਥੇ: ਸਤਵਿੰਦਰ ਸਿੰਘ ਟੌਹੜਾ, ਜਥੇ: ਹਰਦੇਵ ਸਿੰਘ ਰੋਗਲਾ ਜਿਲਾ ਪਟਿਆਲ਼ਾ ਲਈ ਜੱਥੇਦਾਰ ਇਕਬਾਲ ਸਿੰਘ ਝੂੰਦਾ, ਅਬਦੁਲ ਗੁਫਾਰ ਸਾਬਕਾ ਮੰਤਰੀ, ਸਰਦਾਰ ਸੁਖਵੰਤ ਸਿੰਘ ਸਰਾਉ, ਜਥੇ: ਨਿਰਮੈਲ ਸਿੰਘ ਜੌਲਾ, ਜਿਲਾ ਸ੍ਰੀ ਫਤਿਹਗੜ ਸਾਹਿਬ ਲਈ ਬੀਬੀ ਪਰਮਜੀਤ ਕੌਰ ਲਾਡਰਾਂ, ਜਥੇ: ਜਰਨੈਲ ਸਿੰਘ ਕਰਤਾਰਪੁਰ, ਰਣਧੀਰ ਸਿੰਘ ਰੱਖੜਾ, ਜਿਲਾ ਰੋਪੜ ਜਥੇ: ਸੁਰਿੰਦਰ ਸਿੰਘ ਭੁਲੇਵਾਲਰਾਠਾਂ, ਗੁਰਜੀਤ ਸਿੰਘ ਤਲਵੰਡੀ, ਜਥੇ: ਭਜਨ ਸਿੰਘ ਸ਼ੇਰਗਿੱਲ ਜਿਲਾ ਮੋਹਾਲੀ ਲਈ ਚਰਨਜੀਤ ਸਿੰਘ ਬਰਾੜ, ਜਥੇ: ਭੁਪਿੰਦਰ ਸਿੰਘ ਸ਼ੇਖੂਪੁੱਰ ਜਥੇ: ਤੇਜਾ ਸਿੰਘ ਕਮਾਲਪੁਰ, ਚੰਡੀਗੜ ਲਈ ਰਿਟਾ: ਜਸਟਿਸ ਨਿਰਮਲ ਸਿੰਘ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਜਥੇ: ਹਰਬੰਸ ਸਿੰਘ ਕੰਧੋਲਾ, ਸੁਖਵੰਤ ਸਿੰਘ ਪੰਜਲੈਂਡ ਅਬਜਰਵਰ ਲਗਾਏ ਗਏ ਹਨ। ਇਸ ਤੋਂ ਇਲਾਵਾ ਹਿਮਾਚਲ, ਜੰਮੂ ਕਸ਼ਮੀਰ, ਰਾਜਸਥਾਨ, ਦਿੱਲੀ, ਹਰਿਆਣਾ, ਉਤਰਾਖੰਡ, ਯੂਪੀ, ਮਹਾਰਾਸ਼ਟਰ ਅਤੇ ਤਮਿਲਨਾਡੂ ਆਦਿ ਸੂਬਿਆਂ ਲਈ ਅਬਜਰਵਰ ਜਲਦੀ ਲਗਾਏ ਜਾਣਗੇ। ਜਿਲਾ ਅਬਜਰਵਰਾਂ ਵਾਲੀ ਲਿਸਟ ਵਿੱਚ ਕੁੱਝ ਨਾਮ ਹੋਰ ਜਾਰੀ ਕੀਤੇ ਜਾ ਰਹੇ ਹਨ। ਸ: ਰਘੁਬੀਰ ਸਿੰਘ ਰਾਜਾਸਾਸੀ ਨੂੰ ਜਿਲਾ ਤਰਨਤਾਰਨ ਸ: ਮਨਮੋਹਨ ਸਿੰਘ ਪੱਖੋਕੇ ਨੂੰ ਗੁਰਦਾਸਪੁੱਰ ਸ: ਮਨਜੀਤ ਸਿੰਘ ਦਸੂਹਾ ਨੂੰ ਜਿਲਾ ਜਲੰਧਰ ਸ: ਗੁਰਿੰਦਰ ਸਿੰਘ ਗੋਗੀ ਨੂੰ ਜਿਲਾ ਮੋਹਾਲੀ ਸ: ਰਣਬੀਰ ਸਿੰਘ ਪੂਨੀਆਂ ਪੁਲੀਸ ਜਿਲਾ ਖੰਨਾਂ ਵਿਖੇ ਸੇਵਾਵਾਂ ਨਿਭਾਉਣਗੇ।

### ਸਿੱਖਾਂ ਦੇ ਹੱਕਾਂ ਬਾਰੇ ਪੰਜਾਬੀ ਸੰਸਥਾਵਾਂ ਦਾ ਦੋਹਰਾ ਮਾਪਦੰਡ

# ਵਿਦੇਸ਼ ਵਿੱਚ ਅਵਾਜ਼, ਭਾਰਤ ਵਿੱਚ ਚੁੱਪੀ : ਮੁਠੱਡਾ, ਢਿੱਲੋਂ

**ਲੰਡਨ ( ਸਰਬਜੀਤ ਸਿੰਘ ਬਨੂੜ )**-ਅਮਰੀਕਾ ਵਿੱਚ ਟਰੱਕ ਹਾਦਸੇ ਵਿੱਚ ਸ਼ਾਮਿਲ ਭਾਰਤੀ ਮੂਲ ਦੇ ਨਾਗਰਿਕ ਹਰਜਿੰਦਰ ਸਿੰਘ ਦਾ ਮਸਲਾ ਮੀਡੀਆ ਵਿੱਚ ਸੁਰਖੀਆਂ ਬਣਿਆ ਹੋਇਆ ਹੈ। ਵਿਦੇਸ਼ਾਂ ਵਿੱਚ ਸਿੱਖਾਂ ਨਾਲ ਹੋਈਆਂ ਕਿਸੇ ਵੀ ਘਟਨਾਵਾਂ ਨੂੰ ਭਾਰਤੀ ਵਕੀਲ ਅਤੇ ਕੁਝ ਸੰਸਥਾਵਾਂ ਵੱਡਾ ਮਾਮਲਾ ਬਣਾ ਕੇ ਅੰਤਰਰਾਸ਼ਟਰੀ ਪੱਧਰ ’ਤੇ ਉਠਾਉਂਦੀਆਂ ਹਨ, ਪਰ ਭਾਰਤ ਦੇ ਅੰਦਰ ਨਿੱਤ ਹੋ ਰਹੀਆਂ ਗੰਭੀਰ ਘਟਨਾਵਾਂ ’ਤੇ ਹੈਰਾਨੀਜਨਕ ਚੁੱਪੀ ਸਾਧ ਲਈ ਜਾਂਦੀ ਹੈ।

ਜਿਕਰਯੋਗ ਹੈ ਕਿ ਹਾਲ ਹੀ ਵਿੱਚ ਜੰਮੂ ਕਸ਼ਮੀਰ ਵਿੱਚ ਫੜੇ ਗਏ ਸਿੱਖ ਨੌਜਵਾਨਾਂ ਨੂੰ ਹੱਥਕੜੀਆਂ ਪਾਈਆਂ ਗਈਆਂ, ਦਸਤਾਰਾਂ ਉਤਾਰ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਮੀਡੀਆ ਸਾਹਮਣੇ ਵੀਡੀਓਗ੍ਰਾਫੀ ਕੀਤੀ ਗਈ। ਇਹ ਘਟਨਾ ਸਿੱਖਾਂ ਦੀ ਧਾਰਮਿਕ ਪਹਿਚਾਣ ਅਤੇ ਮਰਿਆਦਾ ਲਈ ਗੰਭੀਰ ਚੁਣੌਤੀ ਹੈ।

ਪੰਜਾਬ ਦੇ ਮਸ਼ਹੂਰ ਵਕੀਲ ਅਤੇ ਸੰਸਥਾਵਾਂ ਵਿਦੇਸ਼ਾਂ ਵਿੱਚ ਸਿੱਖਾਂ ਦੀ ਪੱਗ ਉਤਰਨ, ਦਸਤਾਰ ਖਿਲਾਫ਼ੀ ਜਾਂ ਹੋਰ ਘਟਨਾਵਾਂ ’ਤੇ ਭਾਰਤੀ ਕੌਮਾਂਤਰੀ ਮਾਮਲੇ ਬਣਾਉਂਦੀਆਂ ਹਨ, ਪਰ ਉਹਨਾਂ ਦੀ ਨਜ਼ਰ ਪੰਜਾਬ ਦੇ ਅੰਦਰ ਕਿਉਂ ਨਹੀਂ ਪੈਂਦੀ ਜਿੱਥੇ ਸਿੱਖ ਨੌਜਵਾਨਾਂ ਨੂੰ ਫੜ ਕੇ



ਲੱਤਾਂ ਵਿੱਚ ਗੋਲੀਆਂ ਮਾਰੀਆਂ ਜਾਂਦੀਆਂ ਹਨ ਅਤੇ ਹਮੇਸ਼ਾਂ ਇੱਕੋ ਬਿਆਨ ਆ ਜਾਂਦਾ ਹੈ ਕਿ “ਰਿਕਵਰੀ ਦੌਰਾਨ ਭੱਜਣ ਦੀ ਕੋਸ਼ਿਸ਼ ਕੀਤੀ ਤੇ ਗੋਲੀ ਮਾਰੀ ਗਈ।” ਬੇਗੁਨਾਹਾਂ ਨੂੰ ਕੈਦ ਕੀਤਾ ਜਾਂਦਾ ਹੈ ਅਤੇ ਦਸਤਾਰਾਂ ਦੀ ਬੇਅਦਬੀ ਕੀਤੀ ਜਾਂਦੀ ਹੈ।

ਅੱਜ ਵੀ ਸਿੱਖ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿੱਚੋਂ ਰਿਹਾਈ ਦੀ ਉਡੀਕ ਕਰ ਰਹੇ ਹਨ, ਪਰੰਤੂ ਸਰਕਾਰਾਂ ਉਨ੍ਹਾਂ ਨੂੰ ਰਿਹਾਈ ਦੇਣ ਵਿੱਚ ਸਭ ਤੋਂ ਵੱਡੀ ਅੜਿੱਕਾ ਬਣ ਚੁੱਕੀਆਂ ਹਨ। ਇਹ ਹਕੀਕਤ ਦਰਸਾਉਂਦੀ ਹੈ ਕਿ ਸਿੱਖਾਂ ਲਈ ਨਿਆਂ ਸਿਰਫ਼ ਕਾਗ.ਜ਼ਾਂ ਅਤੇ ਭਾਸ਼ਣਾਂ ਤੱਕ ਹੀ ਸੀਮਤ ਰਹਿ ਗਿਆ ਹੈ।

ਇੰਗਲੈਂਡ ਵਿੱਚ ਵੀਹ ਸਾਲਾਂ ਤੋਂ ਜਲਾਵਤਨੀ ਕੱਟ ਰਹੇ ਸਿੱਖ ਫੈਡਰੇਸ਼ਨ ਯੂ ਕੇ ਦੇ ਸੀਨੀਅਰ ਆਗੂ ਭਾਈ ਕੁਲਵੰਤ ਸਿੰਘ ਮੁਠੱਡਾ ਅਤੇ ਭਾਈ ਬਲਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਦੋਹਰਾ ਮਾਪਦੰਡ ਭਾਰਤੀ ਰਾਜਨੀਤਿਕ ਅਤੇ ਕਾਨੂੰਨੀ ਸਿਸਟਮ ਦੀ ਸੱਚਾਈ ਨੂੰ ਬੇਨਕਾਬ ਕਰਦਾ ਹੈ। ਉਨ੍ਹਾਂ ਦਾ ਸਪੱਸ਼ਟ ਕਹਿਣਾ ਸੀ ਕਿ ਜੇਕਰ ਸਿੱਖਾਂ ਦੀ ਪਹਿਚਾਣ ਅਤੇ ਅਧਿਕਾਰਾਂ ਲਈ ਸੱਚੀ ਚਿੰਤਾ ਹੈ ਤਾਂ ਇਹ ਸੰਸਥਾਵਾਂ ਅਤੇ ਵਕੀਲ ਭਾਰਤ ਦੇ ਅੰਦਰ ਹੋ ਰਹੀਆਂ ਜ਼ੁਲਮਾਤੀ ਘਟਨਾਵਾਂ ’ਤੇ ਵੀ ਉਨ੍ਹਾਂ ਹੀ ਸ਼ਕਤੀਸ਼ਾਲੀ ਤਰੀਕੇ ਨਾਲ ਅਵਾਜ਼ ਉਠਾਉਣ। ਉਨ੍ਹਾਂ ਅਖ਼ੀਰ ਵਿੱਚ ਕਿਹਾ ਕਿ ਵਿਦੇਸ਼ਾਂ ਦੀਆਂ ਜੂਰੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਦੋਸ਼ ਦੇਣ ਦੀ ਥਾਂ, ਭਾਰਤੀ ਪ੍ਰਣਾਲੀ ਨੂੰ ਪਹਿਲਾਂ ਆਪਣੇ ਘਰ ਅੰਦਰ ਨਿਆਂ ਅਤੇ ਬਰਾਬਰੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਜਿੱਥੇ ਨਿੱਤ ਪੁਲਸ ਸਿੱਖਾਂ ਦੀ ਪਹਿਚਾਣ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਰਹਿੰਦੀ ਹੈ।

### ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਵੱਲੋਂ ਕਰਵਾਏ ਗਏ

# ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ













**ਬਠਿੰਡਾ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਮਾਣਯੋਗ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਸਿੰਘ ਮਾਨ ਅਤੇ ਮਾਣਯੋਗ ਸਿੱਖਿਆ ਮੰਤਰੀ ਸ਼੍ਰੀ ਹਰਜੋਤ ਬੈਂਸ ਦੀ ਰਹਿਨੁਮਾਈ ਹੇਠ ਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਵੱਲੋਂ ਜ਼ਿਲ੍ਹਾ-ਪੱਧਰੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਡੀ.ਏ.ਵੀ. ਕਾਲਜ, ਬਠਿੰਡਾ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲਾਂ ਵਿੱਚੋਂ 161 ਵਿਦਿਆਰਥੀਆਂ ਨੇ ਭਾਗ ਲਿਆ। ਮੁੱਖ ਮਹਿਮਾਨ ਵਜੋਂ ਸ਼੍ਰੀਮਤੀ ਮਮਤਾ ਖੁਰਾਣਾ ਸੇਠੀ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਬਠਿੰਡਾ ਨੇ ਸ਼ਿਰਕਤ ਕੀਤਾ। ਉਨ੍ਹਾਂ ਦੇ ਨਾਲ਼ ਆਈ ਟੀਮ ਵਿੱਚ ਮੈਡਮ ਦਰਸ਼ਨ ਕੌਰ, ਲੈਕਚਰਾਰ ਪੰਜਾਬੀ ਅਤੇ ਸ਼੍ਰੀ ਮਾਨਵ ਨਾਗਪਾਲ, ਲੈਕਚਰਾਰ ਇਕਨਾਮਿਕਸ ਵੀ ਹਾਜ਼ਰ ਸਨ।ਮਹਿਮਾਨਾਂ ਦਾ ਸਵਾਗਤ ਕਰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ ਕੀਰਤੀ ਕਿਰਪਾਲ ਨੇ ਕਿਹਾ ਕਿ ਇੰਨਾਂ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਮਾਂ-ਬੋਲੀ ਦੀ ਮਹਿਕ ਅਹਿਸਾਸ ਕਰਵਾਉਣਾ ਹੀ ਭਾਸ਼ਾ ਵਿਭਾਗ ਦਾ ਮੂਲ ਮੰਤਵ ਹੈ। ਉਨ੍ਹਾਂ ਇਹ ਵੀ ਕਿਹਾ ਆਪਣੀ ਮਾਂ-ਬੋਲੀ ਦਾ ਸ਼ੁੱਧ ਗਿਆਨ ਹੀ ਹੋਰਨਾਂ ਬੋਲੀਆਂ ਨੂੰ ਸਿੱਖਣ ਲਈ ਪਉੜੀ ਦਾ ਕੰਮ ਕਰਦਾ ਹੈ।ਮੁੱਖ ਮਹਿਮਾਨ ਸ਼੍ਰੀ ਮਮਤਾ ਖੁਰਾਨਾ ਸੇਠੀ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਇੰਨ੍ਹਾਂ ਮੁਕਾਬਲਿਆਂ ਵਿੱਚ ਆਪਣੇ ਸਕੂਲ ਦੀ ਨੁਮਾਇੰਦਗੀ ਕਰਨਾ ਹੀ ਕਿਸੇ ਜਿੱਤ ਤੋਂ ਘੱਟ ਨਹੀਂ ਹੈ।ਉਨ੍ਹਾਂ ਭਾਸ਼ਾ ਵਿਭਾਗ ਪੰਜਾਬ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਅਜੋਕੇ ਸਮੇਂ ਵਿੱਚ ਸਕੂਲੀ ਵਿਦਿਆਰਥੀਆਂ ਲਈ ਇਹ ਮੰਚ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਨੀਂਹ ਰੱਖਣ ਵਿੱਚ ਸਹਾਈ ਸਿੱਧ ਹੋਵੇਗਾ।ਮੁਕਾਬਲਿਆਂ ਦੌਰਾਨ ਡੀ.ਏ.ਵੀ.ਕਾਲਜ ਦੇ ਪ੍ਰਿੰਸੀਪਲ ਡਾ.ਰਾਜੀਵ ਗੋਇਲ ਦਾ ਵਿਸ਼ੇਸ਼ ਸਹਿਯੋਗ ਰਿਹਾ।ਸਾਹਿਤ ਸਿਰਜਣ ਮੁਕਾਬਲਿਆਂ ਦਾ ਮੁਲਾਂਕਣ ਕਰਨ ਲਈ ਉੱਘੇ ਕਹਾਣੀਕਾਰ, ਨਾਵਲਕਾਰ ਅਤੇ ਸਾਹਿਤ ਅਕਾਦਮੀ ਦੇ ਮੈਂਬਰ ਸ. ਜਸਪਾਲ ਮਾਨਖੇੜਾ, ਨਾਮਵਰ ਕਵੀ ਅਮਰਜੀਤ ਜੀਤ, ਅਤੇ ਬਾਬਾ ਫਰੀਦ ਕਾਲਜ ਦਿਉਣ, ਬਠਿੰਡਾ ਵਿਖੇ ਸੇਵਾ ਨਿਭਾ ਰਹੇ ਪੰਜਾਬੀ ਦੇ ਸਹਾਇਕ ਪ੍ਰੋਫੈਸਰ ਡਾ. ਜਸਵਿੰਦਰ ਸਿੰਘ ਮੌਜੂਦ ਸਨ। ਕਵਿਤਾ ਗਾਇਨ ਮੁਕਾਬਲਿਆਂ ਦੀ ਜੱਜਮੈਂਟ ਪ੍ਰੋਫੈਸਰ ਮਨੋਨੀਤ, ਮੁਖੀ ਸੰਗੀਤ ਵਿਭਾਗ, ਸਰਕਾਰੀ ਰਜਿੰਦਰਾ ਕਾਲਜ ਬਠਿੰਡਾ, ਡਾ. ਪੂਜਾ ਗੋਸਵਾਮੀ, ਮੁਖੀ ਸੰਗੀਤ ਵਿਭਾਗ, ਐੱਸ.ਐੱਸ.ਡੀ. ਗਰਲਜ ਕਾਲਜ (ਲੜਕੀਆਂ)ਬਠਿੰਡਾ ਅਤੇ ਡਾ. ਨਵਦੀਪ ਕੌਰ, ਸ਼ਾਇਰਾ ਤੇ ਮੁਖੀ ਪੋਸਟ ਗ੍ਰੈਜੂਏਟ ਸਟੱਡੀਜ਼ ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਬਠਿੰਡਾ ਨੇ ਕੀਤੀ।ਸ. ਜਸਪਾਲ ਮਾਨਖੇੜਾ ਅਤੇ ਸੰਗੀਤ ਪ੍ਰੋਫੈਸਰ ਮਨੋਨੀਤ ਨੇ ਵਿਦਿਆਰਥੀਆਂ ਨਾਲ਼ ਮੁਕਾਬਲਿਆਂ ਦੀ ਤਿਆਰੀ ਸੰਬੰਧੀ ਕੁੱਝ ਨੁਕਤੇ ਸਾਂਝੇ ਕੀਤੇ। ਪ੍ਰਬੰਧਨ ਦੇ ਕੰਮ-ਕਾਜ ਵਿੱਚ ਸਿੱਖਿਆ ਵਿਭਾਗ ’ਚੋਂ ਤੈਨਾਤ ਅਧਿਆਪਕਾਂ ਸ਼੍ਰੀ ਹਰਸਿਮਰਨ ਸਿੰਘ, ਸ਼੍ਰੀ ਗੁਰਬਿੰਦਰ ਸਿੰਘ ਅਤੇ ਸ਼੍ਰੀਮਤੀ ਕਿਰਨਦੀਪ ਕੌਰ ਗਿੱਲ ਨੇ ਅਹਿਮ ਭੂਮਿਕਾ ਨਿਭਾਈ। ਮੰਚ ਸੰਚਾਲਨ ਖੋਜ ਅਫ਼ਸਰ ਨਵਪ੍ਰੀਤ ਸਿੰਘ ਨੇ ਕੀਤਾ।ਇਸ ਮੌਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਵਿਕਰੀ ਕੇਂਦਰ ਇੰਚਾਰਜ ਸੁਖਮਨੀ ਸਿੰਘ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਸਮੇਂ ਨਾਟਿਅਮ ਪੰਜਾਬ ਥੀਏਟਰ ਗਰੁੱਪ ਦੇ ਪ੍ਰਧਾਨ ਮੈਡਮ ਸੁਰਿੰਦਰ ਕੌਰ ਤੋਂ ਇਲਾਵਾ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਤੋਂ ਸ਼੍ਰੀ ਅਨਿਲ ਕੁਮਾਰ, ਸ਼ੁਭਮ ਕੁਮਾਰ ਅਤੇ ਵੱਖ-ਵੱਖ ਸਕੂਲਾਂ ਦੇ ਅਧਿਆਪਕ ਮੌਜੂਦ ਸਨ। ਅੰਤ ਵਿੱਚ ਮੁੱਖ ਮਹਿਮਾਨ ਮੈਡਮ ਮਮਤਾ ਖੁਰਾਣਾ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕਿਰਪਾਲ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ।ਲੇਖ ਰਚਨਾ ਮੁਕਾਬਲੇ ਵਿੱਚ ਪਹਿਲਾ ਸਥਾਨ ਨਵਦੀਪ ਕੌਰ ਸਰਕਾਰੀ ਸਕੂਲ ਮਹਿਮਾ ਸਰਜਾ, ਦੂਜਾ ਸਥਾਨ ਖੁਸ਼ੀ ਗਰਗ ਸਿਲਵਰ ਓਕਸ ਸਕੂਲ ਡੱਬਵਾਲੀ ਰੋਡ ਬਠਿੰਡਾ, ਤੀਜਾ ਸਥਾਨ ਤਵੀਸ਼ੀ ਸਿਲਵਰ ਓਕਸ ਸਕੂਲ ਬੀਬੀ ਵਾਲਾ ਰੋਡ ਬਠਿੰਡਾ ਨੇ ਪ੍ਰਾਪਤ ਕੀਤਾ ।ਕਹਾਣੀ ਰਚਨਾ ਮੁਕਾਬਲੇ ’ਚ ਪਹਿਲਾ ਸਥਾਨ ਕੋਮਲਪ੍ਰੀਤ ਕੌਰ ਸਰਕਾਰੀ ਸਕੂਲ ਰਾਜਗੜ੍ਹ, ਦੂਜਾ ਸਥਾਨ ਮੋਹਨਪ੍ਰੀਤ ਕੌਰ ਸਰਕਾਰੀ ਸਕੂਲ ਮਹਿਮਾ ਸਰਜਾ ਅਤੇ ਤੀਜਾ ਸਥਾਨ ਸੁਖਮਨਦੀਪ ਕੌਰ ਡਾ. ਹੋਮਜ਼ ਅਕਾਦਮੀ ਜੀਦਾ ਨੇ ਹਾਸਿਲ ਕੀਤਾ। ਕਵਿਤਾ ਰਚਨਾ ਮੁਕਾਬਲੇ ਵਿੱਚ ਪਹਿਲਾ ਸਥਾਨ ਸੁਖਪ੍ਰੀਤ ਕੌਰ ਡਾ. ਹੋਮਜ਼ ਅਕਾਦਮੀ ਜੀਦਾ, ਦੂਜਾ ਸਥਾਨ ਸੁਖਮੀਤ ਕੌਰ ਸਰਕਾਰੀ ਸਕੂਲ ਲੜਕੀਆਂ ਰਾਮਪੁਰਾ ਮੰਡੀ ਅਤੇ ਤੀਜਾ ਸਥਾਨ ਸਤਵੀਰ ਕੌਰ ਸਰਕਾਰੀ ਸਕੂਲ ਮਹਿਮਾ ਸਰਜਾ ਨੇ ਪ੍ਰਾਪਤ ਕੀਤਾ। ਕਵਿਤਾ ਗਾਇਨ ਮੁਕਾਬਲੇ ਵਿੱਚ ਪਹਿਲਾ ਸਥਾਨ ਜੈਵਿੰਦਰਜੀਤ ਸਿੰਘ ਸਿਲਵਰ ਓਕਸ ਸਕੂਲ ਡੱਬਵਾਲੀ ਰੋਡ ਬਠਿੰਡਾ, ਦੂਜਾ ਸਥਾਨ ਧਵਲੇਸ਼ਬੀਰ ਸਿੰਘ ਸੇਂਟ ਜ਼ੇਵੀਅਰ ਵਰਲਡ ਸਕੂਲ ਐਨ.ਐਫ.ਐਲ. ਬਠਿੰਡਾ ਅਤੇ ਤੀਜਾ ਸਥਾਨ ਮਿਲਾਪ ਸਿੰਘ ਦੇਸਰਾਜ ਸਰਕਾਰੀ ਸਕੂਲ ਬਠਿੰਡਾ ਨੇ ਪ੍ਰਾਪਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# 1984 ਸਿੱਖ ਕਤਲੇਆਮ ਹਰਿਆਣਾ ਦੇ ਪੀੜਤ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਦੇਣਾ ਮੁੱਖ ਮੰਤਰੀ ਦੇ ਐਲਾਨ ਦਾ ਸੁਆਗਤ - ਜਥੇਦਾਰ ਦਾਦੂਵਾਲ

## ਹਰਿਆਣਾ ਗੁਰਦੁਆਰਾ ਕਮੇਟੀ ਕਰੇਗੀ ਮੁੱਖ ਮੰਤਰੀ ਸੈਣੀ ਦਾ ਵਿਸ਼ੇਸ਼ ਸਨਮਾਨ



26 ਅਗਸਤ ( ) ਪਿਛਲੇ ਦਿਨੀਂ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵਲੋਂ ਵਿਧਾਨ ਸਭਾ ਵਿੱਚ ਹਰਿਆਣਾ 1984 ਸਿੱਖ ਕਤਲੇਆਮ ਦੇ ਸ਼ਿਕਾਰ ਪਰਿਵਾਰਾਂ ਦੇ ਮੈਂਬਰਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਸਿੱਖ ਸਮਾਜ ਵਲੋਂ ਸੁਆਗਤ ਕੀਤਾ ਜਾ ਰਿਹਾ ਹੈ ਅੱਜ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਪ੍ਰੈਸ ਨੂੰ ਜਾਰੀ ਸੰਦੇਸ਼ ਵਿੱਚ ਆਖਿਆ ਕੇ 84 ਪੀੜਤ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਸਿੱਖਾਂ ਦੇ ਜਖ਼ਮਾਂ ਤੇ ਮਲ੍ਹਮ ਦਾ ਕੰਮ ਕਰੇਗੀ ਇਸ ਕਦਮ ਲਈ ਹਰਿਆਣਾ ਗੁਰਦੁਆਰਾ ਕਮੇਟੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਵਿਸ਼ੇਸ਼ ਸਨਮਾਨ ਵੀ ਕਰੇਗੀ ਉਨਾਂ ਆਖਿਆ ਕਿ ਭਾਵੇਂ ਪੀੜਿਤ ਪਰਿਵਾਰ 125 ਤੋਂ 150 ਹੀ ਹਨ ਪਰ ਸਰਕਾਰ ਦੇ ਇਰਾਦੇ ਨੇਕ ਹੋਣ ਤੇ ਕੀ ਨਹੀਂ ਕੀਤਾ ਜਾ ਸਕਦਾ ਜਥੇਦਾਰ ਦਾਦੂਵਾਲ ਜੀ ਨੇ ਆਖਿਆ ਕੇ ਸ੍ਰੀ ਮਨੋਹਰ ਲਾਲ ਖੱਟਰ ਸਰਕਾਰ ਨੇ ਵੀ ਸਿੱਖ ਕਤਲੇਆਮ ਦਾ ਕਮਿਸ਼ਨ ਬਣਾ ਕੇ ਪੀੜਤ ਪਰਿਵਾਰਾਂ ਨੂੰ ਕਰੋੜਾਂ ਰੁਪਈਏ ਦੇ ਮੁਆਵਜ਼ੇ ਦਿੱਤੇ ਸਨ ਜਥੇਦਾਰ ਦਾਦੂਵਾਲ ਜੀ ਨੇ ਆਖਿਆ ਕੇ ਜੇਕਰ ਅਸੀਂ ਸਿੱਖ ਵਿਰੋਧੀ ਫੈਸਲਿਆਂ ਨਸਲਕੁਸ਼ੀ ਦਾ ਵਿਰੋਧ ਕਰਦੇ ਹਾਂ ਤਾਂ ਸਿੱਖਾਂ ਪ੍ਰਤੀ ਹਮਦਰਦੀ ਭਰੇ ਫੈਸਲਿਆਂ ਦੀ ਸ਼ਲਾਘਾ ਕਰਨੀ ਵੀ ਬਣਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਦੇਸ਼ ਭੇਜਣ ਦੇ ਨਾਮ ’ਤੇ 6,71,540/- ਰੁਪਏ ਦੀ ਠੱਗੀ ਮਾਰਨ ’ਤੇ ਕੇਸ ਦਰਜ

**ਚੌਕ ਮਹਿਤਾ 26 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬਾਬਾ ਬਕਾਲਾ ਸਾਹਿਬ ਸਬ ਡਵੀਜਨ ਦੀ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ ’ਤੇ ਵੱਖ-ਵੱਖ ਤਾਰੀਕਾਂ ਨੂੰ ਕੁੱਲ 6,71,540/- ਰੁਪਏ ਦੀ ਠੱਗੀ ਮਾਰਨ ਸਬੰਧੀ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਲਏ ਜਾਣ ਦਾ ਸਮਾਚਾਰ ਪਰਾਪਤ ਹੋਇਆ ਹੈ । ਇਸ ਸਬੰਧੀ ਪੀੜਤ ਬਲਵਿੰਦਰ ਸਿੰਘ ਪੁੱਤਰ ਪ੍ਰਿਥੀਪਾਲ ਸਿੰਘ, ਵਾਸੀ ਬਾਬਾ ਬਕਾਲਾ ਸਾਹਿਬ ਨੇ ਪੁਲਿਸ ਪਾਸ ਇੱਕ ਦਰਖਾਸਤ ਨੰਬਰੀ 2066 ਪੀ.ਪੀ ਮਿਤੀ 31-03-2025 ਦਿੱਤੀ ਸੀ ਕਿ ਨਵਕਿਰਨਪ੍ਰੀਤ ਸਿੰਘ ਪੁੱਤਰ ਕਰਮ ਸਿੰਘ, ਵਾਸੀ ਗਹਿਰੀ ਮੰਡੀ (ਅੰਮ੍ਰਿਤਸਰ) ਅਤੇ ਉਸਦੇ ਦਫਤਰ ਐਨ.ਐਸ.ਗਲੋਬਲ ਇਮੀਗ੍ਰੇਸ਼ਨ ਰਣਜੀਤ ਐਵੀਨਿਊ ਅੰਮ੍ਰਿਤਸਰ ਵਿੱਚ ਕੰਮ ਕਰਦੀ ਲੜਕੀ ਸਾਕਸ਼ੀ ਨੇ ਉਨ੍ਹਾਂ ਦੇ ਬੇਟੇ ਨੂੰ ਬਾਹਰ ਭੇਜਣ ਦਾ ਝਾਂਸਾ ਦਿੰਦੇ ਹੋਏ ਵੱਖ-ਵੱਖ ਤਾਰੀਕਾਂ ਨੂੰ ਕੁੱਲ 6,71,540/- ਰੁਪਏ ਦੀ ਠੱਗੀ ਮਾਰੀ ਹੈ ।ਨਾਂ ਤਾਂ ਦੋਸ਼ੀਆਂ ਨੇ ਬੇਟੇ ਨੂੰ ਬਾਹਰ ਭੇਜਿਆ ਅਤੇ ਨਾਂ ਹੀ ਰਕਮ ਵਾਪਿਸ ਕੀਤੀ, ਜਿਸਦੀ ਇੰਨਕੁਆਰੀ ਡੀ.ਐਸ.ਪੀ. ਸਬ ਡਵੀਜਨ ਬਾਬਾ ਬਕਾਲਾ ਸਾਹਿਬ ਵੱਲੋਂ ਕੀਤੀ ਗਈ, ਜਿਸ ’ਤੇ ਡੀ.ਏ. ਲੀਗਲ ਸਾਹਿਬ ਦੀ ਰਾਏ ਹਾਸਿਲ ਕੀਤੀ ਗਈ, ਜੋ ਐਸ.ਐਸ.ਪੀ. ਸਾਹਿਬ ਅੰਮ੍ਰਿਤਸਰ ਦਿਹਾਤੀ ਦੀਆਂ ਹਿਦਾਇਤਾਂ ’ਤੇ ਥਾਣਾ ਬਿਆਸ ਦੀ ਪੁਲਿਸ ਨੇ ਦੋਸ਼ੀਆਂ ਨਵਕਿਰਨਪ੍ਰੀਤ ਸਿੰਘ ਪੁੱਤਰ ਕਰਮ ਸਿੰਘ ਵਾਸੀ ਗਹਿਰੀ ਮੰਡੀ ਅਤੇ ਸਾਕਸ਼ੀ ਖਿਲਾਫ ਮੁੱਕਦਮਾ ਨੰਬਰ 161, ਮਿਤੀ 23-8-2025, ਜੁਰਮ 420, 120-ਬੀ ਆਈ.ਪੀ.ਸੀ, ਤਹਿਤ ਕੇਸ ਦਰਜ ਕਰ ਲਿਆ ਹੈ ਅਤੇ ਅਗਲੇਰੀ ਕਾਰਵਾਈ ਜਾਰੀ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

# ਅੱਡਾ ਭੋਏਂ ਦੇ ਲੰਗਰ ਹਾਲ ਵਿਖੇ ਮੱਸਿਆ ਦੇ ਦਿਹਾੜੇ ਤੇ ਲੰਗਰ ਲਗਾਇਆ ਗਿਆ



**ਚੌਕ ਮਹਿਤਾ, 26 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੰਮ੍ਰਿਤਸਰ ਤੋਂ ਮਹਿਤਾ ਰੋਡ ਤੇ ਸਥਿਤ ਅੱਡਾ ਭੋਏਂ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਬਣਾਏ ਗਏ ਲੰਗਰ ਹਾਲ ਵਿਖੇ ਅੱਜ ਮੱਸਿਆ ਦੇ ਦਿਹਾੜੇ ਤੇ ਲੰਗਰ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨਰਿੰਦਰ ਸਿੰਘ ਬਾਠ ਨੇ ਦੱਸਿਆ ਕਿ ਇਹ ਲੰਗਰ ਪਿਛਲੇ 40 ਸਾਲ ਤੋਂ ਪਿੰਡ ਭੋਏ ਦੀ ਸੰਗਤ ਅਤੇ ਐਨ.ਆਰ.ਆਈ ਵੀਰਾਂ ਵੱਲੋਂ ਲਗਾਇਆ ਜਾਂਦਾ ਹੈ। ਇਸ ਮੌਕੇ ਸਾਬਕਾ ਸਰਪੰਚ ਕੁਲਵੰਤ ਸਿੰਘ, ਨਰਿੰਦਰ ਸਿੰਘ ਭੋਏ, ਕੈਪਟਨ ਜਗੀਰ ਸਿੰਘ, ਗੁਰਦਿਆਲ ਸਿੰਘ, ਨਿਸ਼ਾਨ ਸਿੰਘ, ਮਹਿੰਗਾ ਸਿੰਘ, ਬਲਜੀਤ ਸਿੰਘ ਕੈਸ਼ੀਅਰ, ਪਰਮਜੀਤ ਸਿੰਘ, ਸ਼ਰਨਜੀਤ ਸਿੰਘ ਦੁਬਈ,ਅਕਾਸ਼ ਸਿੰਘ, ਸੇਵਾ ਸਿੰਘ ਸਾਬਕਾ ਮੈਂਬਰ ਪੰਚਾਇਤ, ਸੁੱਚਾ ਸਿੰਘ, ਬਘੇਲ ਸਿੰਘ,ਸੱਤਾ ਸਿੰਘ,ਛਿੰਦਾ ਸਿੰਘ, ਸੰਨੀ ਡਰਾਈਵਰ,ਲਾਡਾ ਸਿੰਘ ਦੁਬਈ,ਦਿਲਬਾਗ ਸਿੰਘ ਜਰਮਨੀ,ਮੰਗਲ ਸਿੰਘ, ਬਲਬੀਰ ਸਿੰਘ,ਰਾਜੂ ਟੈਂਕੀ ਵਾਲਾ,ਮੰਗਾ ਸਿੰਘ, ਨਰਿੰਦਰ ਸਿੰਘ, ਫੁੰਮਣ ਸਿੰਘ ਆਦਿ ਸੇਵਾਦਾਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਧੰਨ-ਧੰਨ ਚੌਥੇ ਪਾਤਸ਼ਾਹ ਸਤਿਗੁਰੂ
# ਰਾਮਦਾਸ ਸਾਹਿਬ ਜੀ ਮਹਾਰਾਜ




(ਭਾਦੋਂ ਸੁਦੀ ੩, ਬਿਕਰਮੀ ਸੰਮਤ ੧੬੩੮, 1581 ਈਸਵੀ)

## ਦੇ ਜੋਤੀ-ਜੋਤਿ ਸਮਾਉਣ ਦੇ ਦਿਹਾੜੇ ਤੇ ਸੁਆਸ-ਸੁਆਸ ਨਮਸਕਾਰ



ਗੁਰੂ ਪੰਥ ਦਾ ਦਾਸ
ਬਾਬਾ ਮੁਖਤਿਆਰ ਸਿੰਘ ਮੁਖੀ, ਟੋਡਰਵਾਲ
ਵਿਦਿਆਰਥੀ ਦਮਦਮੀ ਟਕਸਾਲ USA

ਧੰਨੁ ਧੰਨੁ ਰਾਮਦਾਸ ਗੁਰੁ, ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੈ ਧਾਰਿਆ॥
?? ਆਪ ਜੀ ਦੀ ਵਡਿਆਈ ਦਾ ਇਹ ਸਬਦ ਰੂਪੀ ਨਾਦ ਅੱਜ ਤੱਕ ਸਾਰੀਆਂ ਸਿੱਖ ਸੰਗਤਾਂ ਬਹੁਤ ਹੀ ਸਰਧਾ ਭਾਵਨਾ ਨਾਲ ਜਪਦੀਆਂ ਹਨ ਅਤੇ ਸਭ ਨੂੰ ਸੁਣਾਈ ਦੇਂਦਾ ਹੈ ॥
ਆਪ ਜੀ ਨੇ ਗੁਰ ਗੱਦੀ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਸੌਂਪੀ ਅਤੇ ਆਪ ਜੀ ਭਦ੍ਰੋ ਸੁਦੀ ਤੀਜ ਬਿਕਰਮੀ ਸੰਮਤ 1638 ਅਤੇ 1581 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

### ਜ਼ਿਲ੍ਹਾ ਪੱਧਰੀ ਖੋ-ਖੋ ਟੂਰਨਾਮੈਂਟ ਵਿੱਚ

# ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਦੇ ਖਿਡਾਰੀਆਂ ਨੇ ਮਾਰੀਆਂ ਮੱਲਾਂ




**ਤਲਵੰਡੀ ਸਾਬੋ, 26 ਅਗਸਤ (ਗੁਰਜੰਟ ਸਿੰਘ ਨਥੇਹਾ)**- ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਿਛਲੇ ਦਿਨੀ ਸਮਾਪਤ ਹੋਈਆਂ 69ਵੀਆਂ ਗਰਮ ਰੁੱਤ ਸਕੂਲ ਖੇਡਾਂ ਦੇ ਜ਼ਿਲ੍ਹਾ ਪੱਧਰੀ ਖੋ-ਖੋ ਟੂਰਨਾਮੈਂਟ ਵਿੱਚ ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਦੇ ਖਿਡਾਰੀਆਂ ਨੇ ਜੋਨ ਤਲਵੰਡੀ ਸਾਬੋ ਵੱਲੋਂ ਖੇਡਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਹ ਜਾਣਕਾਰੀ ਦਿੰਦਿਆਂ ਸਰਦਾਰ ਗੁਰਮੇਲ ਸਿੰਘ ਐਸ.ਐਸ.ਮਾਸਟਰ ਨੇ ਦੱਸਿਆ ਕਿ ਸਰਕਾਰੀ ਸੈਕੰਡਰੀ ਸਕੂਲ ਮਲਕਾਣਾ ਦੀਆਂ ਦੋ ਟੀਮਾਂ ਅੰਡਰ-17 ਸਾਲ ਲੜਕੀਆਂ ਅਤੇ ਅੰਡਰ-19 ਸਾਲ ਲੜਕੀਆਂ ਨੇ ਜੋਨ ਤਲਵੰਡੀ ਸਾਬੋ ਦੀ ਨੁਮਾਇੰਦਗੀ ਕੀਤੀ। ਇਸ ਟੂਰਨਾਮੈਂਟ ਵਿੱਚ ਅੰਡਰ-17 ਸਾਲ ਲੜਕੀਆਂ ਨੇ ਜਿਲਾ ਜੇਤੂ ਬਣਨ ਦਾ ਮਾਣ ਹਾਸਲ ਕੀਤਾ ਅਤੇ ਅੰਡਰ-19 ਸਾਲ ਲੜਕੀਆਂ ਨੇ ਜਿਲਾ ਉਪ ਜੇਤੂ ਬਣਨ ਦਾ ਮਾਣ ਪ੍ਰਾਪਤ ਕੀਤਾ ਇਹਨਾਂ ਦੋ ਟੀਮਾਂ ਤੋਂ ਬਿਨਾਂ ਇਸ ਸਕੂਲ ਦੇ ਤਿੰਨ ਬੱਚੇ ਅੰਡਰ-14 ਸਾਲ ਲੜਕੀਆਂ ਦੀ ਟੀਮ ਵਿੱਚ ਖੇਡੇ ਤੇ ਦੋ ਬੱਚੇ ਅੰਡਰ-14 ਸਾਲ ਲੜਕਿਆਂ ਦੀ ਟੀਮ ਵਿੱਚ ਖੇਡੇ ਇਹ ਦੋਵੇਂ ਟੀਮਾਂ ਨੇ ਵੀ ਜ਼ਿਲ੍ਹੇ ਵਿੱਚੋਂ ਜੇਤੂ ਹੋਣ ਦਾ ਮਾਣ ਪ੍ਰਾਪਤ ਕੀਤਾ। ਜਿਲਾ ਟੂਰਨਾਮੈਂਟ ਦੀ ਸਮਾਪਤੀ ਤੋਂ ਬਾਅਦ ਅੱਜ ਪਹਿਲੇ ਦਿਨ ਸਕੂਲ ਪਹੁੰਚਣ ਤੇ ਜਿਲੇ ਵਿੱਚੋਂ ਜੇਤੂ ਅਤੇ ਉਪ ਜੇਤੂ ਬਣਨ ਵਾਲੇ ਬੱਚਿਆਂ ਨੂੰ ਸਮੂਹ ਸਟਾਫ ਵੱਲੋਂ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਕੂਲ ਮੁਖੀ ਸ੍ਰੀ ਚੰਦਰਸ਼ੇਖਰ ਨੇ ਜੇਤੂ ਬੱਚਿਆਂ ਨੂੰ ਅਤੇ ਉਹਨਾਂ ਦੇ ਕੋਚ ਸ. ਗੁਰਮੇਲ ਸਿੰਘ ਨੂੰ ਮੁਬਾਰਕਾਂ ਦਿੱਤੀਆਂ ਅਤੇ ਸਟੇਟ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸ੍ਰੀ ਚੰਦਰ ਸ਼ੇਖਰ ਨੇ ਕਿਹਾ ਕਿ ਜਿਸ ਤਰ੍ਹਾਂ ਇਹਨਾਂ ਬੱਚਿਆਂ ਨੇ ਜ਼ਿਲ੍ਹੇ ਵਿੱਚ ਪੁਜੀਸ਼ਨਾਂ ਪ੍ਰਾਪਤ ਕਰਕੇ ਆਪਣਾ, ਆਪਣੇ ਮਾਪਿਆਂ ਦਾ, ਪਿੰਡ ਦਾ, ਸਕੂਲ ਦਾ ਅਤੇ ਸਕੂਲ ਸਟਾਫ ਦਾ ਨਾਮ ਰੌਸ਼ਨ ਕੀਤਾ ਹੈ ਇਸੇ ਹੀ ਤਰ੍ਹਾਂ ਇਹ ਬੱਚੇ ਸਟੇਟ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣਾ, ਆਪਣੇ ਪਿੰਡ ਦਾ, ਮਾਪਿਆਂ ਦਾ, ਸਕੂਲ ਦਾ ਤੇ ਸਕੂਲ ਸਟਾਫ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਸਰਦਾਰ ਕੇਸਰ ਸਿੰਘ ਡੀਪੀਈ ਜੋ ਕਿ ਇਸ ਸਕੂਲ ਵਿੱਚੋਂ ਰਿਟਾਇਰ ਹੋ ਚੁੱਕੇ ਹਨ, ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਨੇ ਵੀ ਜੇਤੂ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਸਕੂਲ ਸਟਾਫ ਵੱਲੋਂ ਸਰਦਾਰ ਗੁਰਜੀਤ ਸਿੰਘ, ਸਰਦਾਰ ਹਰਬੰਸ ਸਿੰਘ ,ਸਰਦਾਰ ਮੋਹਨ ਸਿੰਘ, ਸ. ਦਲ ਸਿੰਘ, ਸ਼੍ਰੀਮਤੀ ਕਮਲਜੀਤ ਕੌਰ, ਸ੍ਰੀਮਤੀ ਪਰਮਜੀਤ ਕੌਰ, ਸ੍ਰੀਮਤੀ ਦਲਪ੍ਰੀਤ ਕੌਰ, ਸ੍ਰੀਮਤੀ ਸੁਖਵਿੰਦਰ ਕੌਰ ਅਤੇ ਸਿਖਿਆਰਥੀ ਅਧਿਆਪਕ ਅਮਨਦੀਪ ਕੌਰ ਹਾਜ਼ਰ ਸਨ।

### ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਚਲਾਏ ਜਾ ਰਹੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿੱਚ

# ਗੁਰਮਤਿ ਸਮਾਗਮ ਦੇ ਰੂਪ ਅਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ







**ਅੰਮ੍ਰਿਤਸਰ, 26 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਚਲਾਏ ਜਾ ਰਹੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿੱਚ ਗੁਰਮਤਿ ਸਮਾਗਮ ਦੇ ਰੂਪ ਅਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਬੱਚਿਆਂ ਅਤੇ ਸੰਗਤਾਂ ਨੇ ਹਿੱਸਾ ਲਿਆ ਅਤੇ ਪੰਜਾਂ ਪਿਆਰਿਆਂ ਵੱਲੋਂ ਖੰਡੇ ਬਾਟੇ ਦੀ ਪਾਹੁਲ ਛਕੀ। ਇਹ ਪਲ ਬੱਚਿਆਂ ਦੀ ਜ਼ਿੰਦਗੀ ਵਿੱਚ ਬੇਹੱਦ ਮਹੱਤਵਪੂਰਨ ਅਤੇ ਆਤਮਕ ਤੌਰ 'ਤੇ ਰੂਹਾਨੀ ਉਤਸ਼ਾਹ ਪੈਦਾ ਕਰਨ ਵਾਲਾ ਸੀ।ਅਮ੍ਰਿਤ ਸੰਚਾਰ ਦੀ ਸਮਾਪਤੀ ਤੋਂ ਬਾਅਦ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ, ਜਿਸ ਵਿੱਚ ਸੰਗਤਾਂ ਨੂੰ ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਊਣ ਲਈ ਪ੍ਰੇਰਿਤ ਕੀਤਾ ਗਿਆ। ਬੱਚਿਆਂ ਨੂੰ ਸਮਝਾਇਆ ਗਿਆ ਕਿ ਅਮ੍ਰਿਤ ਧਾਰਨ ਕਰਨਾ ਸਿਰਫ਼ ਇੱਕ ਰਸਮ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰ 'ਤੇ ਆਪਣੇ ਆਪ ਨੂੰ ਸਮਰਪਣ ਕਰਨਾ ਹੈ। ਇਹ ਉਹ ਮੋੜ ਹੁੰਦਾ ਹੈ ਜਦੋਂ ਸਿੱਖ ਆਪਣੇ ਗੁਰੂ ਦੀ ਰਜ਼ਾ ਵਿੱਚ ਤੁਰਨ ਦਾ ਵਾਅਦਾ ਕਰਦਾ ਹੈ। ਇਸ ਮੌਕੇ ਉੱਤੇ ਅਮ੍ਰਿਤ ਛਕਣ ਵਾਲੇ ਸਾਰੇ ਪ੍ਰਾਣੀਆਂ, ਖ਼ਾਸ ਕਰਕੇ ਬੱਚਿਆਂ ਨੂੰ ਵਧਾਈ ਦਿੱਤੀ ਗਈ। ਅੱਜ ਇਹਨਾਂ ਦਾ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਵਿੱਚ ਇੱਕ ਨਵਾਂ ਜਨਮ ਹੋਇਆ ਹੈ। ਅਮ੍ਰਿਤ ਧਾਰਨ ਕਰਕੇ ਇਹ ਬੱਚੇ ਹੁਣ ਕੇਵਲ ਵਿਦਿਆਰਥੀ ਹੀ ਨਹੀਂ ਰਹੇ, ਸਗੋਂ ਖ਼ਾਲਸਾ ਪੰਥ ਦੇ ਸੱਚੇ ਸਿਪਾਹੀ ਬਣ ਗਏ ਹਨ, ਜੋ ਭਵਿੱਖ ਵਿੱਚ ਸਿੱਖ ਕੌਮ ਦੇ ਮਾਣ ਬਣਨਗੇ। ਇਹ ਧਾਰਮਿਕ ਸਮਾਗਮ ਗੁਰੂ ਘਰਾਂ ਦੀ ਪਵਿੱਤਰ ਰਵਾਇਤ ਨੂੰ ਜੀਵੰਤ ਕਰਦਾ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਦੇ ਰਾਹ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।

# ਜਾਗੋ ਸਿੱਖੋ ਜਾਗਣ ਦਾ ਵੇਲਾ



**ਕਿਸੇ** ਨਾਲੋਂ ਪਹਿਲਾਂ ਆਪਣੀ ਗੱਲ ਕਰਨੀ ਚਾਹੀਦੀ ਹੈ! ਜਦੋਂ ਜੂਨ 1984 ਦਾ ਘੱਲੂਘਾਰਾ ਵਾਪਰਿਆ ਉਦੋਂ ਮੇਰੀ ਉੱਮਰ ਪੌਣੇ ਕੁ ਸੋਲਾਂ ਸਾਲਾਂ ਦੀ ਸੀ ! 1978 ਦੇ ਨਿਰੰਕਾਰੀ ਸਾਕੇ ਦੇ ਬੋਲ ਮੇਰੇ ਕੰਨਾਂ ਵਿੱਚ ਸਾਢੇ ਕੁ ਨੌਂ ਸਾਲ ਦੀ ਉੱਮਰ ਵਿੱਚ ਪੈ ਗਏ ਸਨ ! ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਵਾਲਿਆਂ ਦੇ ਬੋਲ ਕਿ ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ ,ਸਿਰ ਦਿੱਤਿਆਂ ਬਾਝ ਨਹੀਂ ਰਹਿਣਾ ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ , ਵਾਲੀਆਂ ਧਾਰਨਾ ਮੇਰੇ ਕੰਨਾਂ ਵਿੱਚ ਸੱਤ ਅੱਠ ਸਾਲਾਂ ਦੀ ਉੱਮਰ ਵਿੱਚ ਹੀ ਪੈ ਗਈਆਂ ਸਨ !ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਾਲਿਆਂ ਦੇ ਅਗੰਮੀ ਬੋਲ ਕਿ ਜਿਸ ਤਰ੍ਹਾਂ ਮੁਸਲਮਾਨ ਲਈ ਮੱਕੇ ਤੋਂ ਪਰੇ ਉੱਜਾੜ ਹੈ ਉੱਸੇ ਤਰ੍ਹਾਂ ਸਿੱਖ ਲਈ ਹਰਿਮੰਦਰ ਸਾਹਿਬ ਤੋਂ ਪਰੇ ਉੱਜਾੜ ਹੈ , ਅਗਰ ਹਰਿਮੰਦਰ ਸਾਹਿਬ ਤੇ ਭਾਰਤ ਦੀ ਫੌਜ ਨੇ ਹਮਲਾ ਕੀਤਾ ਤਾਂ ਇਹ ਦੁਨੀਆਂ ਦੇ ਇਤਿਹਾਸ ਵਿੱਚ ਮਿਸਾਲ ਬਣੇਗੀ ਕਿ ਖਾਲਿਸਤਾਨ ਬਣਿਆਂ ਹੈ , ਉੱਸ ਦਿਨ ਜਰੂਰ ਖਾਲਿਸਤਾਨ ਬਣੇਗਾ , ਇਹ ਬੋਲ ਵੀ ਕੰਨਾਂ ਦੇ ਵਿੱਚ ਪੈ ਕੇ ਧੁਰ ਅੰਤਰ ਆਤਮਾ ਤੱਕ ਉੱਤਰ ਗਏ ਸਨ ! ਜੂਨ 1984 ਤੋਂ ਬਾਅਦ 1985 ਦੀ ਮਾਘੀ ਦੀ ਸੰਗਰਾਂਦ ਨੂੰ 16 ਸਾਲ 4 ਮਹੀਨੇ ਅਤੇ 12 ਦਿਨਾਂ ਦੀ ਉੱਮਰ ਵਿੱਚ ਖੰਡੇ ਕੀ ਪਾਹੁਲ ਦੀ ਦਾਤ ਗੁਰੂ ਜੀ ਨੇ ਬਖਸ਼ੀ ਸੀ ਦੀ ! ਜਨਮ 2 ਸਤੰਬਰ 1968 ਦਾ ਹੈ ਜੀ ! 1985 ਦੀ ਮਾਘੀ ਦੀ ਸੰਗਰਾਂਦ ਵਾਲੇ ਦਿਨ ਤੋਂ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਖਾਲਸਾ ਪੰਥ ਦੇ ਜੋੜੇ ਝਾੜਨ ਦੀ ਸੇਵਾ ਆਪ ਕਿਰਪਾ ਕਰਕੇ ਗੁਰੂ ਜੀ ਲੈ ਰਹੇ ਹਨ ! ਨਗਰ ਬਡਾਲਾ ਮਾਹੀ ਜਿਲ੍ਹਾ ਹੁਸ਼ਿਆਰਪੁਰ ਨੇੜੇ ਸ਼ਾਮ ਚੌਰਾਸੀ ਅਤੇ ਹੁਣ ਅਸਟਰੀਆ ਵਿੱਚ ਰਹਿ ਰਿਹਾ ਹਾਂ ਜੀ ! ਲੇਖਕ ਵਾਰੇ ਜਾਣਕਾਰੀ ਹੋਣੀ ਵੀ ਜ਼ਰੂਰੀ ਹੁੰਦਾ ਹੈ ! ਸੋ ਭਾਈ ਜਾਗਣ ਦਾ ਏਸ ਕਰਕੇ ਹੈ ਆਮ ਜੀਵਨ ਵਿੱਚ ਵੀ ਅਤੇ ਧਾਰਮਿਕ ਖੇਤਰਾਂ ਵਿੱਚ ਵੀ ਮੌਕੇ ਵਾਰ ਵਾਰ ਨਹੀਂ ਮਿਲਦੇ ਹੁੰਦੇ , ਹਾਂਜੀ ! ਅੱਜ ਮੌਕਾ ਹੈ ਪੂਰੀ ਦੁਨੀਆਂ ਵਿੱਚ ਵਸਦੀ ਸਿੱਖ ਕੌਮ ਲਈ ਕਿ ਉੱਹ ਆਪਣਾ ਕੌਮੀ ਘਰ ਖਾਲਿਸਤਾਨ ਬਣਾ ਸਕਦੀ ਹੈ ! ਸਿਰਫ ਲੋੜ ਹੈ ਇਸ ਸੋਚ ਦੇ ਧਾਰਨੀ ਬਣਨ ਦੀ ਕਿ ਅਸੀਂ ਆਪਣਾ ਕੌਮੀ ਘਰ ਖਾਲਿਸਤਾਨ ਬਣਾਉਣਾ ਹੀ ਬਣਾਉਣਾ ਹੈ ! ਹਿੰਦੋਸਤਾਨ ਨੇ ਸਾਡੇ ਨਾਲ ਜੋ ਜੋ ਕਰਨਾ ਸੀ ਕਰਕੇ ਵੇਖ ਲਿਆ ਹੈ ਅਤੇ ਜੋ ਕੁੱਝ ਉੱਸ ਕੋਲੋਂ ਹੁਣ ਹੁੰਦਾ ਹੈ ਉੱਹ ਕਰ ਵੀ ਰਿਹਾ ਹੈ ! ਭਾਈ ਹਰਦੀਪ ਸਿੰਘ ਨਿੱਝਰ ਕਨੇਡਾ ਵਾਲਿਆਂ ਦਾ ਕਤਲ ਹਿੰਦੋਸਤਾਨ ਗੇ ਗਲ਼ੇ ਵਿੱਚ ਕਿੱਕਰ ਦੇ ਕੰਡੇ ਵਾਂਗ ਫਸ ਗਿਆ ਹੈ ਅਤੇ ਹਿੰਦੋਸਤਾਨ ਨੂੰ ਲੈ ਬੈਠਾ ਹੈ ! ਦੂਜਾ ਗੁਰਤਵੰਤ ਸਿੰਘ ਪੰਨੂ ਵਕੀਲ ਦੇ ਕਤਲ ਦੀ ਹਿੰਦੋਸਤਾਨ ਦੀ ਨਾਕਮਯਾਬ ਕੋਸ਼ਿਸ਼ ਵੀ ਹਿੰਦੋਸਤਾਨ ਨੂੰ ਲੈ ਬੈਠੀ ਹੈ ! ਹੁਣ ਭਾਰਤ ਅੰਤਰਰਾਸ਼ਟਰੀ ਕਾਨੂੰਨ ਦੇ ਦਬਾਅ ਹੇਠ ਦੱਬਿਆ ਪਿਆ ਹੈ ! ਬਦਨਾਮੀ ਅਤੇ ਕਿਰਕਿਰੀ ਜਰੂਰਤ ਤੋਂ ਜਿਆਦਾ ਹੋ ਗਈ ਹੈ ! ਪਾਕਿਸਤਾਨ ਕੋਲੋਂ ਵੀ ਬੂਥਾ ਹਿੰਦੋਸਤਾਨ ਨੇ ਭੰਨਾ ਲਿਆ ਹੈ ! ਇਸ ਕਰਕੇ ਹੁਣ ਖੁੱਲ੍ਹ ਕੇ ਗੱਲ ਕਰੋ ਖਾਲਿਸਤਾਨ ਦੀ ਜੀ ! ਕਾਰਜ ਤਾਂ ਜੂਨ 1984 ਤੋਂ ਬਾਅਦ ਹਜ਼ਾਰਾਂ ਹੀ ਕਰਨ ਵਾਲੇ ਹਨ ! ਹਾਲੇ ਤਾਂ ਅਸੀਂ ਜੂਨ 1984 ਦੇ ਨਵੰਬਰ 1984 ਦੇ ਅਤੇ ਬਾਅਦ ਵਿੱਚ ਚੱਲੇ ਪੂਰੇ ਦਸ ਸਾਲਾਂ ਦੇ ਖਾੜਕੂ ਸੰਘਰਸ਼ ਦੇ ਪੂਰੇ ਵੇਰਵੇ ਵੀ ਇਕੱਤਰ ਨਹੀਂ ਕਰ ਸਕੇ ਕਿ ਕੁੱਲ ਕਿੰਨੇ ਕੁ ਸਿੱਖ ਸਿੱਖਣੀਆਂ ਸ਼ਹੀਦ ਹੋਏ ਹਨ ! ਬਾਕੀ ਖਾਲਿਸਤਾਨ ਕੋਈ ਮੁਜਾਕ ਨਹੀਂ ਹੈ ਕੋਈ ਡਰ ਨਹੀਂ ਹੈ ਕੋਈ ਹਊਆ ਨਹੀਂ ਹੈ ਇਹ ਇੱਕ ਵਿਚਾਰਧਾਰਾ ਹੈ ਇਹ ਵੀ ਦੁਨੀਆਂ ਦੇ ਬਾਕੀ 193 ਦੇਸ਼ਾਂ ਵਰਗਾ ਦੇਸ਼ ਹੀ ਹੋਵੇਗਾ ਜਿੱਥੇ ਸਾਰੇ ਧਰਮਾਂ ਸਾਰੀਆਂ ਜਾਤਾਂ ਸਾਰੀਆਂ ਨਸਲਾਂ ਦੇ ਲੋਕ ਅਜਾਦੀ ਦਾ ਨਿੱਘ ਮਾਣ ਸਕਣਗੇ ! ਸਿੱਖ ਤਾ ਮਾਨਣਗੇ ਹੀ ਮਾਨਣਗੇ ! ਸਾਡਾ ਖਾਲਸਾ ਰਾਜ ਹੀ ਅਸੀਂ ਵਾਪਸ ਮੰਗ ਰਹੇ ਹਾਂ, ਆਪਣਾ ਦੇਸ਼ ਪੰਜਾਬ ਮਹਾਂ ਪੰਜਾਬ ਹੀ ਵਾਪਸ ਮੰਗ ਰਹੇ ਜਿਸ ਉੱਪਰ ਭਾਰਤ ਨੇ ਜ਼ਬਰਦਸਤੀ ਕਬਜ਼ਾ ਕੀਤਾ ਹੋਇਆ ਹੈ ! ਬਾਕੀ ਫੌਜਾਂ ਦੀ ਤਰ੍ਹਾਂ ਯੋਧੇ ਸਿੱਖ ਖਾਲਿਸਤਾਨ ਲਈ ਹਰ ਤਰ੍ਹਾਂ ਦੀ ਚਾਰਾਜੋਈ ਕਰਨ ਲਈ ਡਟੇ ਹੋਏ ਹਨ , ਬਾਕੀ ਕੌਮ ਦਾ ਤਾਂ ਸਹਿਯੋਗ ਹੀ ਚਾਹੀਦਾ ਹੁੰਦਾ ਹੈ !ਬਾਕੀ ਭਾਈ ਸਤਿਗੁਰੂ ਅਕਾਲ ਪੁਰਖ ਵਾਹਿਗੁਰੂ ਜੀ ਕਿਰਪਾ ਕਰਨ ਤਾਂ ਅਸੀਂ ਤਾਂ ਸੀਸ ਤਲੀ ਉੱਪਰ ਧਰ ਕੇ ਡਟੇ ਹੋਏ ਹਾਂ! ਬਾਕੀ ਪ੍ਰਾਪਤੀਆਂ ਤਾਂ ਗੁਰੂ ਜੀ ਦੇ ਅਤੇ ਸ਼ਹੀਦਾਂ ਸਿੰਘਾਂ ਦੇ ਹੱਥ ਬੱਸ ਹਨ ! ਪਰ ਜੋ ਮਨਾਂ ਵਿੱਚ ਡਰ ਬਣਿਆਂ ਹੋਇਆ ਹੈ ਕਿ ਪਤਾ ਨਹੀਂ ਕੀ ਖਾਲਿਸਤਾਨ ਦਾ ਨਾਮ ਲਏ ਤੇ ਕੀ ਹੋ ਜਾਣਾ ਹੈ ਇਹ ਡਰ ਜਰੂਰ ਹਰ ਸਿੱਖ ਨੂੰ ਦਿਲਾਂ ਵਿੱਚੋਂ ਕੱਢਣਾ ਪਏਗਾ ਅਤੇ ਹਰ ਹਾਲਤ ਵਿੱਚ ਕੱਢਣਾ ਪਏਗਾ! ਵੱਧ ਤੋਂ ਵੱਧ ਇਹ ਸਾਨੂੰ ਮਾਰ ਹੀ ਸਕਦੇ ਹਨ ਅਕੇ ਮਰਨ ਜਾਂ ਮਾਰਨ ਤੋਂ ਉੱਪਰ ਹੋਰ ਹੁੰਦਾ ਵੀ ਕੀ ਹੈ ? ਪਹਿਲਾਂ ਐਨੇ ਮਾਰ ਕੇ ਇਹਨਾਂ ਨੇ ਵੇਖ ਹੀ ਲਿਆ ਹੈ , ਪਰ ਖਾਲਿਸਤਾਨ ਦੀ ਲਹਿਰ ਨੂੰ ਤਾਂ ਇਹ ਰੋਕ ਨਹੀਂ ਸਕੇ ! ਉੱਹ ਤਾਂ ਦਿਨ ਬ ਦਿਨ ਉੱਚਾਈਆਂ ਵੱਲ ਨੂੰ ਹੀ ਜਾ ਰਹੀ ਹੈ ! ਜਦੋਂ ਅਸੀਂ ਮਰਨ ਦਾ ਡਰ ਹੀ ਦਿਲਾਂ ਵਿੱਚ ਕੱਢ ਦਿੱਤਾ ਹੈ ਫਿਰ ਸਾਨੂੰ ਇਹ ਹੁਣ ਰੋਕ ਨਹੀ ਸਕਣਗੇ ! ਸਾਰੀ ਦੀ ਸਾਰੀ ਸਿੱਖ ਕੌਮ ਨੂੰ ਤਾਂ ਇਹ ਮਾਰ ਵੀ ਨਹੀਂ ਸਕਣਗੇ! ਅਜਿਹਾ ਕਦੀ ਵੀ ਨਹੀਂ ਹੋਇਆ ਹੈ ਇਤਿਹਾਸ ਵਿੱਚ ਜੀ ਪਿਆਰੇ ਸਿੱਖੋ! ਇਸੇ ਕਰਕੇ ਦਾਸ ਨੇ ਕਿਤਾਬ ਲਿਖੀ ਹੈ ਕਿ ( ਬਹੁੜੀਂ ਕਲਗੀਵਾਲਿਆ ਕੋਈ ਦੇਸ਼ ਨੀ ਸਾਡਾ ) ! ਅਤੇ ਅੱਗੋਂ ਵੀ ਲਿਖਣਾ ਜਾਰੀ ਹੈ ! ਇਹ ਵੀ ਕੋਈ ਗੁਰੂ ਜੀ ਦੀ ਕਲਾ ਹੀ ਕਿਰਪਾ ਹੀ ਹੈ ਜੋ ਇਹ ਸਾਰਾ ਕੁੱਝ ਲਿਖਣ ਦੀ ਹਿੰਮਤ ਦਾਸ ਨੂੰ ਬਖਸ਼ ਰਹੇ ਹਨ ! ਨਹੀਂ ਤਾਂ ਇਨਸਾਨ ਤਾਂ ਸਾਹ ਵੀ ਆਪਣੀ ਮਰਜ਼ੀ ਨਾਲ ਨਹੀਂ ਲੈ ਸਕਦਾ ਜੀ ! ਸਿੱਖਾਂ ਨੂੰ ਮੁਸਲਮਾਨਾਂ ਨੂੰ ਭਾਰਤ ਛੱਡਣ ਦੇ ਹਿਟਲਰੀ ਫੁਰਮਾਨ ਜਾਰੀ ਹੋ ਰਹੇ ਹਨ ! ਸਿੱਖਾਂ ਦੀਆਂ ਜਮੀਨਾਂ ਖੋਹੀਆਂ ਜਾ ਰਹੀਆਂ ਹਨ ! ਸਿੱਖਾਂ ਦੇ ਮੂੰਹ ਸਿਰ ਦਿੱਲੀ ਵਿੱਚ ਅੱਜ ਦੀ ਤਾਰੀਖ਼ ਵਿੱਚ ਵੀ ਮੁੰਨੇ ਜਾ ਰਹੇ ਹਨ , ਕੁੱਟਮਾਰ ਕੀਤੀ ਜਾ ਰਹੀ ਹੈ ਪੱਗਾਂ ਲਾਹੀਆਂ ਜਾ ਰਹੀਆਂ ਹਨ ਗੁਲਾਮੀ ਦਾ ਪੂਰਾ ਪੂਰਾ ਅਹਿਸਾਸ ਕਰਵਾਇਆ ਜਾ ਰਿਹਾ ਹੈ ! ਦੁਬਾਰਾ 1984 ਯਾਦ ਕਰਾਉਣ ਦੀਆਂ ਧਮਕੀਆਂ ਮਿਲਦੀਆਂ ਹੀ ਰਹਿੰਦੀਆਂ ਹਨ ਭਾਰਤ ਦੇ ਬਹਾਦਰ ਸਪੂਤ ਹਿੰਦੂਆਂ ਵਲੋਂ ! ਪਾਣੀ ਦੀ ਬਿਜਲੀ ਦੀ ਲੁੱਟਮਾਰ ਲਗਾਤਾਰ ਜਾਰੀ ਹੈ ! ਇਤਿਹਾਸ ਵਿਗਾੜਿਆ ਜਾ ਰਿਹਾ ਹੈ ! ਪੰਜਾਬ ਵਿੱਚ ਹੀ ਸਿੱਖਾਂ ਨੂੰ ਘੱਟ ਗਿਣਤੀ ਕਰਨ ਦੀ ਕਵਾਇਦ ਵੀ ਜਾਰੀ ਹੈ ! ਇਹ ਸਾਰੀਆਂ ਗੁਲਾਮੀ ਦੀਆਂ ਹੀ ਨਿਸ਼ਾਨੀਆਂ ਹਨ ਜੋ ਕੂਕ ਕੂਕ ਕੇ ਕਹਿ ਰਹੀਆਂ ਹਨ ਕਿ ਸਿੱਖੋ ਹੁਣ ਤਾਂ ਜਾਗ ਜਾਓ ਹੁਣ ਹੀ ਜਾਗਣ ਦਾ ਵੇਲਾ ਹੈ ! ਬਾਕੀ ਘਰ ਦੇ ਮਸਲੇ ਜਾਣੀ ਕਿ ਪੰਥਕ ਮਸਲੇ ਖਾਲਿਸਤਾਨ ਬਣਨ ਤੇ ਆਪਣੇ ਆਪ ਹੀ ਨਜਿਠੇ ਜਾਣੇ ਹਨ ਜੀ ਪਿਆਰੇ ਸਿੱਖੋ ਅਤੇ ਸਿੱਖਣੀਓ! ਭੁੱਲਾਂ ਚੁੱਕਾਂ ਦੀ ਖਿਮਾਂ ਬਖਸ਼ਣੀ ਜੀ।



**- ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**